ਅਰਮਾਨ (ARMAAN)
(An International Multidisciplinary, Open Access
Peer-Reviewed & Indexed Research Journal)
Vol. 4 | Issue 1| Jan.-Mar. 2026

ISSN: 2583-9446 (O)
Paper Published Id: ARMN040114
Available online at: www.armaan.org.in
DOI: https://doi.org/10.64119/armaan.vol.4.issue1.14

# ਪਛਾਣ ਅਤੇ ਪਛਾਣ ਦਾ ਸੰਕਟ : ਸਿਧਾਂਤਕ ਪਰਿਪੇਖ

## (ਪੱਛਮੀ ਪਰਿਪੇਖ)

# Pachhan Ate Pachhan Da Sankat: Sidhantak Pripekh

## (Pacchmi Paripekh)

**ਡਾ. ਗੁਰਪ੍ਰੀਤ ਸਿੰਘ ਬੋੜਾਵਾਲ (Dr. Gupreet Singh Borawal)**
Fellow, IIAS
ਇੰਡੀਅਨ ਇੰਸਟੀਚਿਊਟ ਆਫ਼ ਐਡਵਾਂਸਡ ਸਟੱਡੀ, ਸ਼ਿਮਲਾ (ਹਿਮਾਚਲ ਪ੍ਰਦੇਸ਼)
Email ID: gurpreetborawal@gmail.com ਮੋਬਾਈਲ: +91- 94176-18624

**ਸਾਰ (Abstract)**

*ਹਥਲਾ ਖੋਜ ਪੱਤਰ 'ਪਛਾਣ' (Identity) ਦੇ ਸੰਕਲਪ, ਇਸ ਦੇ ਵਿਭਿੰਨ ਸਿਧਾਂਤਕ ਪਹਿਲੂਆਂ ਅਤੇ ਵਿਸ਼ੇਸ਼ ਕਰਕੇ ਪਰਵਾਸੀ ਪੰਜਾਬੀ ਕਵਿਤਾ ਦੇ ਸੰਦਰਭ ਵਿੱਚ ਇਸ ਦੇ ਪ੍ਰਭਾਵਾਂ ਦਾ ਇੱਕ ਗਹਿਰਾ ਵਿਸ਼ਲੇਸ਼ਣ ਪੇਸ਼ ਕਰਦਾ ਹੈ। ਪਛਾਣ ਇੱਕ ਬਹੁ-ਪੱਖੀ ਵਰਤਾਰਾ ਹੈ ਜੋ ਮਨੋਵਿਗਿਆਨ, ਸਮਾਜ ਸ਼ਾਸਤਰ ਅਤੇ ਰਾਜਨੀਤੀ ਵਰਗੇ ਖੇਤਰਾਂ ਨਾਲ ਜੁੜਿਆ ਹੋਇਆ ਹੈ। 'ਸਵੈ' (Self) ਨੂੰ ਪਛਾਣ ਦਾ ਅਧਾਰ ਮੰਨਿਆ ਗਿਆ ਹੈ; ਜਿੱਥੇ ਸਵੈ ਇੱਕ ਅੰਦਰੂਨੀ ਅਨੁਭਵ ਹੈ, ਉੱਥੇ ਪਛਾਣ ਉਹ ਸਮਾਜਿਕ 'ਲੇਬਲ' ਹੈ ਜੋ ਦੁਨੀਆ ਸਾਨੂੰ ਦਿੰਦੀ ਹੈ। ਆਧੁਨਿਕ ਦੌਰ ਵਿੱਚ ਇਹ ਸਥਿਰ ਨਹੀਂ ਰਹੀ, ਸਗੋਂ ਹਾਲਾਤਾਂ ਅਨੁਸਾਰ ਬਦਲਣ ਵਾਲੀ ਇੱਕ 'ਤਰਲ' (Fluid) ਇਕਾਈ ਬਣ ਗਈ ਹੈ। ਖੋਜ ਪੱਤਰ ਵਿੱਚ ਪਛਾਣ ਨੂੰ ਮਨੋਵਿਗਿਆਨਕ, ਸਮਾਜ-ਮਨੋਵਿਗਿਆਨਕ ਅਤੇ ਸਮਾਜ-ਸ਼ਾਸਤਰੀ ਦ੍ਰਿਸ਼ਟੀਕੋਣਾਂ ਤੋਂ ਵਾਚਿਆ ਗਿਆ ਹੈ । ਇਸ ਖੋਜ ਪੱਤਰ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਇਨ੍ਹਾਂ ਸਿਧਾਂਤਾਂ ਨੂੰ ਪਰਵਾਸੀ ਪੰਜਾਬੀ ਕਵਿਤਾ 'ਤੇ ਲਾਗੂ ਕਰਨਾ ਹੈ। ਪਰਵਾਸੀ ਜਦੋਂ ਆਪਣੇ ਮੂਲ ਸਮਾਜ ਤੋਂ ਨਿਕਲ ਕੇ ਪੱਛਮੀ ਸਮਾਜ ਵਿੱਚ ਜਾਂਦਾ ਹੈ, ਤਾਂ ਉਹ 'ਸਭਿਆਚਾਰਕ ਧੱਕੇ' (Culture Shock) ਦਾ ਸ਼ਿਕਾਰ ਹੁੰਦਾ ਹੈ। ਕਵਿਤਾ ਵਿੱਚ ਵਰਤੇ ਗਏ ਬਿੰਬ ਉਸ ਦੇ ਅੰਦਰੂਨੀ ਤਣਾਓ, ਨਸਲਵਾਦ ਦੇ ਸਾਹਮਣੇ ਹੋਣ ਵਾਲੀ ਹੀਣ ਭਾਵਨਾ ਅਤੇ ਪੁਰਾਣੀ ਤੇ ਨਵੀਂ ਪਛਾਣ ਵਿਚਕਾਰ ਚੱਲ ਰਹੀ ਜੰਗ ਨੂੰ ਬਿਆਨ ਕਰਦੇ ਹਨ।*

***ਕੀਵਰਡ (Keyword):*** *ਪਛਾਣ, ਸਵੈ, ਪਛਾਣ ਸੰਕਟ, ਪਰਵਾਸੀ ਪੰਜਾਬੀ ਕਵਿਤਾ, ਮਨੋ-ਸਮਾਜਿਕ ਸਿਧਾਂਤ, ਭੂਮਿਕਾ ਪਛਾਣ, ਸਭਿਆਚਾਰਕ ਤਣਾਓ।*

ਪਛਾਣ ਇੱਕ ਬਹੁ-ਪੱਖੀ ਸੰਕਲਪ ਹੈ ਜਿਸ ਵਿਚ ਕਈ ਪ੍ਰਕਾਰ ਦੇ ਦ੍ਰਿਸ਼ਟੀਕੋਣ ਸ਼ਾਮਿਲ ਹਨ। ਪਛਾਣ ਇੱਕ ਅਜਿਹੇ ਵਿਸ਼ੇ ਦਾ ਰੂਪ ਧਾਰਨ ਕਰ ਗਿਆ ਹੈ ਜਿਸ ਦਾ ਖੋਜ ਖੇਤਰ ਨਿਰੰਤਰ ਵੱਧਦਾ ਜਾ ਰਿਹਾ ਹੈ। ਇਹ ਖੇਤਰ ਮਨੋਵਿਗਿਆਨ ਅਤੇ ਸਮਾਜ ਵਿਗਿਆਨ ਤੋਂ ਨਿਕਲ ਕੇ ਨਾ ਕੇਵਲ ਇਨ੍ਹਾਂ ਨਾਲ ਸੰਬੰਧਤ ਅਨੁਸ਼ਾਸ਼ਨਾਂ ਦੀਆਂ ਵੱਖ-ਵੱਖ ਸ਼ਾਖ਼ਾਵਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ ਸਗੋਂ ਇਸ ਤੋਂ ਪਾਰ ਦੇ ਖੇਤਰ ਵੀ ਇਸ ਦੇ ਪ੍ਰਭਾਵ ਤੋਂ ਅਛੂਤੇ ਨਹੀਂ ਰਹੇ। ਰਾਜਨੀਤਕ ਵਿਗਿਆਨ, ਭਾਸ਼ਾ ਵਿਗਿਆਨ, ਪਰਿਵਾਰ ਅਧਿਐਨ, ਸਿੱਖਿਅਕ ਖੇਤਰ ਅਤੇ ਜਨਤਕ ਸਿਹਤ ਖੇਤਰਾਂ ਵਿਚ ਨਿਰੰਤਰ ਇਸ ਵਿਸ਼ੇ ਉੱਤੇ ਕਾਰਜ ਹੋ ਰਹੇ ਹਨ। ਬ੍ਰਿਟੇਨ ਦੇ ਸਮਾਜ-ਮਨੋਵਿਗਿਆਨੀ V.L Vignoles ਦੀ ਕਿਤਾਬ Handbook of Identity Theory and Research ਦੇ ਹਵਾਲੇ ਨਾਲ ਕਿਹਾ ਜਾ ਸਕਦਾ ਹੈ ਕਿ ਵਿਭਿੰਨ ਖੇਤਰ ਪਛਾਣ ਨੂੰ, ਵੱਖ-ਵੱਖ ਵਿਧੀਆਂ ਅਤੇ ਦ੍ਰਿਸ਼ਟੀਕੋਣਾਂ ਨਾਲ ਪਰਿਭਾਸ਼ਤ ਕਰ ਰਹੇ ਹਨ। ਵਿਭਿੰਨ ਖੇਤਰਾਂ ਵਿਚ ਕਾਰਜ ਹੋਣ ਦੇ ਬਾਵਜੂਦ ਵੀ ਪਛਾਣ ਦੀ ਕੋਈ ਇਕਹਿਰੀ ਪਰਿਭਾਸ਼ਾ ਘੜੀ ਨਹੀਂ ਜਾ ਸਕੀ। ਇਸ ਦਾ ਮੁੱਖ ਕਾਰਨ ਇਨ੍ਹਾਂ ਸਾਰੇ ਖੇਤਰਾਂ ਦਾ ਅਲੱਗ-ਥਲੱਗ ਹੋ ਕੇ ਕਾਰਜ ਕਰਨਾ ਅਤੇ ਆਪਸੀ ਤਾਲਮੇਲ ਦੀ ਘਾਟ ਰਹੀ ਹੈ।[1] ਇਸ ਪ੍ਰਸੰਗ ਵਿਚ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਪਛਾਣ ਵਿਭਿੰਨ ਖੇਤਰਾਂ ਨਾਲ ਸੰਬੰਧਤ ਹੋ ਗਈ ਹੈ ਪਰ ਇਸ ਦਾ ਆਪਣਾ ਕੋਈ ਖੇਤਰ ਨਜ਼ਰ ਨਹੀਂ ਆਉਂਦਾ। ਇਸ ਕਾਰਨ ਅਜੋਕੇ ਦੌਰ ਵਿਚ ਪਛਾਣ ਇੱਕ ਜਟਿਲ ਵਰਤਾਰਾ ਬਣ ਚੁੱਕਿਆ ਹੈ।

### ਪਛਾਣ (Identity) ਕੀ ਹੈ?

ਪੱਛਮੀ ਚਿੰਤਨ ਵਿੱਚ ਪਛਾਣ ਦਾ ਅਰਥ ਹੈ ਕਿ ਇੱਕ ਵਿਅਕਤੀ ਆਪਣੇ ਆਪ ਨੂੰ ਕਿਵੇਂ ਦੇਖਦਾ ਹੈ ਅਤੇ ਦੁਨੀਆ ਉਸਨੂੰ ਕਿਵੇਂ ਪਰਿਭਾਸ਼ਿਤ ਕਰਦੀ ਹੈ। ਇਹ ਦੋ ਪੱਧਰਾਂ ਉੱਤੇ ਕੰਮ ਕਰਦੀ ਹੈ। ਪਹਿਲੇ ਪੱਧਰ ਉੱਤੇ ਨਿੱਜੀ ਪਛਾਣ (Personal Identity) ਹੈ ਜਿਸ ਵਿੱਚ ਵਿਅਕਤੀ ਦੇ ਨਿੱਜੀ ਗੁਣ, ਵਿਸ਼ਵਾਸ, ਕਦਰਾਂ-ਕੀਮਤਾਂ ਅਤੇ ਉਸਦਾ ਆਪਣਾ ਇਤਿਹਾਸ ਸ਼ਾਮਲ ਹੁੰਦਾ ਹੈ। ਇਹ "ਮੈਂ ਕੌਣ ਹਾਂ?" ਸਵਾਲ ਦਾ ਜਵਾਬ ਹੈ। ਦੂਸਰੇ ਪੱਧਰ ਉੱਤੇ ਸਮਾਜਿਕ ਪਛਾਣ (Social Identity) ਹੈ ਜਿਸ ਵਿੱਚ ਵਿਅਕਤੀ ਕਿਸੇ ਸਮੂਹ (ਜਿਵੇਂ ਧਰਮ, ਰਾਸ਼ਟਰ, ਪੇਸ਼ਾ ਜਾਂ ਲਿੰਗ) ਨਾਲ ਕਿਵੇਂ ਜੁੜਿਆ ਹੋਇਆ ਹੈ। ਆਧੁਨਿਕ ਦ੍ਰਿਸਟੀਕੋਣ ਅਨੁਸਾਰ ਪਛਾਣ ਇੱਕ ਸਥਿਰ 'ਸਵੈ' (Self) ਹੈ ਜਿਸ ਨੂੰ ਲੱਭਣ ਦੀ ਲੋੜ ਹੈ ਜਦਕਿ ਉੱਤਰ-ਆਧੁਨਿਕ (Post-modern) ਦ੍ਰਿਸਟੀਕੋਣ ਅਨੁਸਾਰ ਪਛਾਣ ਸਥਿਰ ਨਹੀਂ


Received: 08 Feb. 2026 Accepted: 28 Feb. 2026 Published: 05 March 2026

ਹੁੰਦੀ, ਸਗੋਂ ਇਹ ਤਰਲ (Fluid) ਹੁੰਦੀ ਹੈ। ਅਸੀਂ ਵੱਖ-ਵੱਖ ਹਾਲਾਤਾਂ ਵਿੱਚ ਵੱਖ-ਵੱਖ ਪਛਾਣਾਂ ਧਾਰਨ ਕਰਦੇ ਹਾਂ ਜਿਵੇਂ ਕਿ ਸੋਸ਼ਲ ਮੀਡੀਆ 'ਤੇ ਵੱਖਰੀ ਪਛਾਣ ਅਤੇ ਅਸਲ ਜ਼ਿੰਦਗੀ ਵਿੱਚ ਵੱਖਰੀ।

**ਸਵੈ ਅਤੇ ਪਛਾਣ ਵਿਚ ਸੰਬੰਧ:**

Peter J. Burke and Jan E. Stets ਨੇ ਆਪਣੀ ਕਿਤਾਬ Identity Theory ਵਿਚ 'ਸਵੈ ਨੂੰ ਪਛਾਣ ਦਾ ਪਿਉ'[2] ਕਿਹਾ ਹੈ। "ਸਟ੍ਰਾਈਕਰ (1980) 'ਸਵੈ ਨੂੰ ਸਮਾਜ ਦਾ ਪ੍ਰਤੀਬਿੰਬ' (Self Reflects Society)[3] ਅਤੇ (1992) "ਪਛਾਣਾਂ 'ਸਵੈ' ਦੇ ਉਹ ਹਿੱਸੇ ਹਨ, ਜੋ ਅੰਦਰੂਨੀ ਤੌਰ 'ਤੇ ਗ੍ਰਹਿਣ ਕੀਤੇ ਗਏ ਰੁਤਬੇ ਹੁੰਦੇ ਹਨ। ਇਹ ਪਛਾਣਾਂ ਉਦੋਂ ਹੀ ਹੋਂਦ ਵਿੱਚ ਆਉਂਦੀਆਂ ਹਨ, ਜਦੋਂ ਕੋਈ ਵਿਅਕਤੀ ਸੰਗਠਿਤ ਭੂਮਿਕਾ-ਸੰਬੰਧਾਂ ਵਿੱਚ ਹਿੱਸਾ ਲੈਂਦਾ ਹੈ।"[4] ਇਸ ਦਾ ਅਰਥ ਪਛਾਣ ਸਮਾਜਿਕ ਭੂਮਿਕਾਵਾਂ ਨਾਲ ਸੰਬੰਧਤ ਹੈ ਜਿਸਨੂੰ ਸਵੈ ਇਨ੍ਹਾਂ ਭੂਮਿਕਾਵਾਂ ਨੂੰ ਨਿਭਾਉਂਦਾ ਹੋਇਆ ਪਛਾਣ ਨੂੰ ਨਿਰਮਿਤ ਕਰਦਾ ਹੈ।

ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਸਵੈ (Self) ਤੁਹਾਡਾ ਅੰਦਰੂਨੀ ਅਨੁਭਵ ਹੈ। ਇਹ 'ਮੈਂ' (I) ਦੀ ਉਹ ਭਾਵਨਾ ਹੈ ਜੋ ਤੁਹਾਡੇ ਵਿਚਾਰਾਂ, ਭਾਵਨਾਵਾਂ ਅਤੇ ਚੇਤਨਾ ਨੂੰ ਇਕੱਠਾ ਕਰਦੀ ਹੈ। ਇਹ ਤੁਹਾਡੇ ਹੋਣ ਦਾ ਅਹਿਸਾਸ ਹੈ ਜਦਕਿ ਪਛਾਣ (Identity) ਉਹ 'ਲੇਬਲ' ਜਾਂ ਵਿਸ਼ੇਸ਼ਤਾਵਾਂ ਹਨ ਜੋ ਦੱਸਦੀਆਂ ਹਨ ਕਿ ਤੁਸੀਂ 'ਕੌਣ' ਹੋ। ਇਸ ਵਿੱਚ ਤੁਹਾਡਾ ਨਾਮ, ਧਰਮ, ਕਿੱਤਾ, ਅਤੇ ਸਮਾਜਿਕ ਰਿਸ਼ਤੇ ਸ਼ਾਮਲ ਹੁੰਦੇ ਹਨ। ਸਵੈ ਵਧੇਰੇ ਸਥਿਰ ਹੁੰਦਾ ਹੈ ਜਦਕਿ ਪਛਾਣ ਸਮੇਂ ਦੇ ਹਾਲਾਤਾਂ ਨਾਲ ਬਦਲਦੀ ਹੈ।

ਸਵੈ ਅਤੇ ਸਮਾਜ ਦੀ ਅੰਤਰ-ਕਿਰਿਆ ਮਨੁੱਖ ਨੂੰ ਕਈ ਤਰ੍ਹਾਂ ਦੀਆਂ ਪਛਾਣਾਂ ਨਾਲ ਜੋੜ ਦਿੰਦੀ ਹੈ। ਜਿਸ ਸਮਾਜਿਕ ਸਥਿਤੀ ਨਾਲ ਸਵੈ ਜੁੜਿਆ ਹੁੰਦਾ ਹੈ, ਉਸ ਨਾਲ ਉਸ ਦੀ ਇੱਕ ਪਛਾਣ ਵੀ ਜੁੜੀ ਹੁੰਦੀ ਹੈ। ਇਸ ਲਈ ਇਹ ਤਰਕਸੰਗਤ ਹੈ ਕਿ ਸਵੈ ਅਤੇ ਪਛਾਣ ਦੀ ਹੋਂਦ ਵੱਖਰੀ-ਵੱਖਰੀ ਹੈ ਪ੍ਰੰਤੂ ਸਵੈ ਹਮੇਸ਼ਾਂ ਪਹਿਲਾਂ ਹੁੰਦਾ ਹੈ ਅਤੇ ਪਛਾਣ ਨੂੰ ਉਤਪੰਨ ਕਰਦਾ ਹੈ। ਵਿਅਕਤੀ ਦੂਸਰਿਆਂ ਨਾਲ ਅੰਤਰਕਿਰਿਆ ਜਾਂ ਗੱਲਬਾਤ ਦੌਰਾਨ ਆਪਣੀਆਂ ਪਛਾਣਾਂ ਦਾ ਇਸਤੇਮਾਲ ਕਰਦਾ ਹੈ। ਉਦਾਹਰਨ ਲਈ ਮਰਦ ਅਤੇ ਔਰਤ ਵਿਚਕਾਰ ਹੋਣ ਵਾਲੀ ਗੱਲ ਮਰਦ ਸਵੈ ਅਤੇ ਔਰਤ ਸਵੈ ਵਿਚਕਾਰ ਨਹੀਂ ਹੁੰਦੀ ਸਗੋਂ ਅਜਿਹੀਆਂ ਦੋ ਪਛਾਣਾਂ ਵਿਚਕਾਰ ਹੁੰਦੀ ਹੈ ਜਿੰਨਾਂ ਦੀ ਆਪਣੀ ਹੋਂਦ, ਵੱਖਰੀ ਭੂਮਿਕਾ, ਦੋਹਾਂ ਦੇ ਵੱਖਰੇ ਸਮਾਜਿਕ ਅਹੁਦੇ ਅਤੇ ਸਥਿਤੀਆਂ ਹਨ ਜੋ ਉਨ੍ਹਾਂ ਨੂੰ ਸਮਾਜ ਅਤੇ ਸਵੈ ਵਿਚਕਾਰ ਹੋਣ ਵਾਲੇ ਪਰਸਪਰ ਸਮਝੌਤਿਆਂ ਰਾਹੀਂ ਪ੍ਰਦਾਨ ਕੀਤੇ ਜਾਂਦੇ ਹਨ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਸਵੈ ਅਤੇ ਪਛਾਣ ਆਪਸ ਵਿਚ ਅੰਤਰ-ਸੰਬੰਧਤ ਵਰਤਾਰੇ ਹਨ ਜਿੰਨਾਂ ਨੂੰ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ। ਸਵੈ ਅਤੇ ਪਛਾਣ ਦਾ ਅੰਤਰ-ਸੰਬੰਧ ਇਕ ਤਰ੍ਹਾਂ ਦਾ ਵਿਅਕਤੀਗਤ ਤੋਂ ਸਮੂਹਿਕ ਹੋਣ ਦਾ ਸਫ਼ਰ ਹੈ।

**ਪਛਾਣ ਸੰਬੰਧੀ ਵੱਖ-ਵੱਖ ਚਿੰਤਕਾਂ ਦੇ ਸਿਧਾਂਤ**

ਪਛਾਣ ਸ਼ਬਦ ਦੀ ਵਿਆਪਕ ਵਰਤੋਂ ਨਾਲ ਪਛਾਣ, ਪਛਾਣ ਸਿਧਾਂਤ ਦਾ ਰੂਪ ਗ੍ਰਹਿਣ ਕਰ ਗਿਆ। "ਪਛਾਣ ਸਿਧਾਂਤ ਨੂੰ 1966 ਵਿਚ ਪਹਿਲੀ ਵਾਰ ਅਮਰੀਕਾ ਦੀ ਸਮਾਜ-ਸ਼ਾਸ਼ਤਰੀ ਐਸੋਸੀਏਸ਼ਨ ਵਿਚ ਪ੍ਰਸਤੁਤ ਕੀਤਾ ਗਿਆ।"[5] ਪਛਾਣ ਨਾਲ ਸੰਬੰਧਤ ਵੱਖ-ਵੱਖ ਚਿੰਤਕਾਂ ਦੇ ਸਿਧਾਂਤਾਂ ਨੂੰ ਮੁੱਖ ਰੂਪ ਵਿਚ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾ ਮਨੋਵਿਗਿਆਨਕ ਦ੍ਰਿਸ਼ਟੀਕੋਣ (Psychological Approach) ਹੈ ਜਿਸ ਨੂੰ ਵਿਕਾਸਪਰਕ ਮਨੋਵਿਗਿਆਨ (Developmental Psychology) ਦ੍ਰਿਸ਼ਟੀਕੋਣ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਵਿਚ ਮੁੱਖ ਚਿੰਤਕ ਸਿਗਮੰਡ ਫਰਾਇਡ (Sigmud Freud 1896), ਐਰਿਕ ਐੱਚ. ਅਰਿਕਸਨ (Erik H. Erikson 1963,1968) ਅਤੇ ਜੇਮਸ ਮਰਸੀਆ (James Marcia 1980) ਸ਼ਾਮਿਲ ਹਨ। ਦੂਜਾ ਸਮਾਜ-ਮਨੋਵਿਗਿਆਨਕ ਦ੍ਰਿਸ਼ਟੀਕੋਣ (Social-Psychological Approach) ਹੈ ਜਿਸ ਨੂੰ ਸਵੈ-ਮਨੋਵਿਗਿਆਨਕ (Self Psychology) ਦ੍ਰਿਸ਼ਟੀਕੋਣ ਵੀ ਕਿਹਾ ਜਾਂਦਾ ਹੈ। ਇਸ ਵਿਚ ਮੁੱਖ ਵਿਸ਼ਲੇਸ਼ਕ ਜੀ. ਐੱਚ. ਮੀਡ (G. H. Mead), ਚਾਰਲਸ ਹੋਰਟੋਨ ਕੂਲੇ (Charles Horton Cooley 1902) ਅਤੇ ਵਿਲੀਅਮ ਜੇਮਸ (William James 1890) ਸ਼ਾਮਿਲ ਹਨ। ਤੀਜਾ ਦ੍ਰਿਸ਼ਟੀਕੋਣ ਸਮਾਜ-ਸ਼ਾਸ਼ਤਰੀ ਦ੍ਰਿਸ਼ਟੀਕੋਣ (Sociological Approach) ਹੈ ਜਿਸ ਵਿਚ ਮੁੱਖ ਰੂਪ ਨਾਲ ਹਰਬਰਟ ਬਲੂਮਰ (Herbert Blumer 1937), ਇਰਵਿੰਗ ਗੌਫਮੈਨ (Erving Goffman 1956), ਮੈਕਕਾਲ ਅਤੇ ਸੀਮਨ (McCall and Simmons 1978), ਸਟ੍ਰਾਈਕਰ (Stryker 1980), ਪੀਟਰ ਜੇ. ਬੁਰਕੇ (Peter J. Burke 1991) ਅਤੇ ਹੈਨਰੀ ਤਾਜਫੈਲ ((Hanrey Tajfel 1986) ਸ਼ਾਮਿਲ ਹਨ।

**ਸਿਗਮੰਡ ਫਰਾਇਡ (Sigmund Freud 1856-1939):** ਸਿਗਮੰਡ ਫਰਾਇਡ ਮਨੋਵਿਗਿਆਨਕ ਇਤਿਹਾਸ ਵਿਚ ਸਭ ਤੋਂ ਪ੍ਰਸਿੱਧ ਅਤੇ ਪ੍ਰਭਾਵਸ਼ਾਲੀ ਵਿਅਕਤੀ ਸੀ। ਹਾਲਾਂਕਿ ਫਰਾਇਡ ਪੇਸ਼ੇ ਵਜੋਂ ਇੱਕ ਡਾਕਟਰ ਸਨ, ਮਨੋਵਿਗਿਆਨਕ ਨਹੀਂ। ਪ੍ਰੰਤੂ ਫਿਰ ਵੀ ਵਿਅਕਤਿੱਤਵ ਦੇ ਅਧਿਐਨ ਉੱਤੇ ਫਰਾਇਡ ਦਾ ਮਜ਼ਬੂਤ ਅਤੇ ਸਥਾਈ ਪ੍ਰਭਾਵ ਰਿਹਾ ਹੈ। ਸਿਗਮੰਡ ਫਰਾਇਡ ਦੇ ਵਿਚਾਰ ਜਟਿਲ ਹਨ ਪਰ ਫਿਰ ਵੀ ਵੱਖ-ਵੱਖ ਪੱਖਾਂ ਨੂੰ ਛੂੰਹਦੇ ਹਨ। 18ਵੀਂ ਸਦੀ ਦੇ ਅੰਤ ਅਤੇ 19ਵੀਂ ਸਦੀ ਦੇ ਆਰੰਭ ਵਿਚ ਫਰਾਇਡ ਨੇ ਮਾਨਸਿਕ ਵਿਕਾਰ ਦਾ ਇਲਾਜ ਕਰਨ ਲਈ ਇੱਕ ਨਵੀਂ ਤਕਨੀਕ ਵਿਕਸਤ ਕੀਤੀ ਜਿਸ ਨੂੰ ਉਸ ਨੇ ਮਨੋਵਿਸ਼ਲੇਸ਼ਣ (Psychoanalysis) ਦਾ ਨਾਮ ਦਿੱਤਾ।

ਉਸ ਨੇ ਮਨੁੱਖੀ ਜਾਗਰੂਕਤਾ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਹੈ। ਪਹਿਲਾ ਚੇਤਨ, ਦੂਜਾ ਅਰਧ-ਚੇਤਨ ਅਤੇ ਤੀਜਾ ਅਵਚੇਤਨ। ਚੇਤਨਾ ਵਿਚ ਉਹ ਸਾਰੀ ਜਾਣਕਾਰੀ ਸ਼ਾਮਿਲ ਹੁੰਦੀ ਹੈ ਜਿਸ ਉੱਤੇ ਕੋਈ ਵਿਅਕਤੀ ਧਿਆਨ ਜਾਂ ਸਮਾਂ ਦੇ ਰਿਹਾ ਹੈ ਜਿਵੇਂ ਕੋਈ ਭੁੱਖ, ਪਿਆਸ, ਦਰਦ ਮਹਿਸੂਸ ਕਰ ਰਿਹਾ ਹੈ ਜਾਂ ਪੜ੍ਹਦੇ ਹੋਏ ਅੱਖਰ ਦੇਖ ਰਿਹਾ ਹੈ। ਅਰਧ-ਚੇਤਨ ਵਿਚ ਉਹ ਜਾਣਕਾਰੀ ਹੈ ਜਿਹੜੀ ਵਿਅਕਤੀ ਦੇ ਧਿਆਨ ਤੋਂ ਬਾਹਰ ਹੈ ਪ੍ਰੰਤੂ ਲੋੜ ਪੈਣ ਉੱਤੇ ਉਹ ਆਸਾਨੀ ਨਾਲ ਉਪਲੱਬਧ ਹੋ ਜਾਂਦੀ ਹੈ ਜਿਵੇਂ ਸਾਡੇ ਪੁਰਾਣੇ ਤਜ਼ਰਬੇ ਅਰਧ-ਚੇਤਨਾ ਵਿਚ ਹੁੰਦੇ ਹਨ ਜਾਂ ਕਿਸੇ ਮਿੱਤਰ ਦਾ ਫੋਨ ਨੰਬਰ। ਅਵਚੇਤਨ ਵਿਚ ਉਹ ਵਿਚਾਰ, ਭਾਵਨਾਵਾਂ, ਇੱਛਾਵਾਂ ਅਤੇ ਯਾਦਾਂ ਹੁੰਦੀਆਂ ਹਨ ਜਿੰਨਾਂ ਪ੍ਰਤੀ ਲੋਕਾਂ ਦੀ ਕੋਈ ਜਾਗਰੂਕਤਾ ਨਹੀਂ ਹੁੰਦੀ ਪ੍ਰੰਤੂ ਉਹ ਵਿਅਕਤੀ ਦੇ ਰੋਜ਼ਮਰਾ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕਰਦੀਆਂ ਹਨ ਜਿਵੇਂ ਕਿਸੇ ਦੇ ਮਨ ਵਿਚ ਕਿਸੇ ਪ੍ਰਤੀ ਗੁੱਸੇ ਦੀ ਭਾਵਨਾ ਦਾ ਰਹਿਣਾ ਜਾਂ ਕਿਸੇ ਸਮੇਂ ਮਨ

ਵਿਚ ਅਜਿਹੀਆਂ ਗੱਲਾਂ ਦਾ ਬਾਹਰ ਆ ਜਾਣਾ ਜਿਸ ਪ੍ਰਤੀ ਵਿਅਕਤੀ ਖੁਦ ਵੀ ਸੁਚੇਤ ਨਹੀਂ ਹੁੰਦਾ।

ਇਦ (Id), ਈਗੋ (Ego) ਅਤੇ ਸੁਪਰ-ਈਗੋ (Superego):

'ਇਦ' ਨੂੰ ਜੈਵਿਕ ਪ੍ਰਵਿਰਤੀਆਂ ਦਾ ਭੰਡਾਰ ਘਰ ਕਿਹਾ ਜਾਂਦਾ ਹੈ। ਇਸ ਵਿਚ ਕਈ ਪ੍ਰਕਾਰ ਦੀਆਂ ਸਰੀਰਕ ਜ਼ਰੂਰਤਾਂ, ਕਾਮ ਇੱਛਾਵਾਂ ਅਤੇ ਆਵੇਗ ਜਾਂ ਭਾਵ ਸ਼ਾਮਿਲ ਹੁੰਦੇ ਹਨ। ਇਦ ਅਵਚੇਤਨ ਹੈ ਅਤੇ ਇਹ ਆਨੰਦ ਦੇ ਸਿਧਾਂਤ (Pleasure Principle) ਅਨੁਸਾਰ ਕਾਰਜ ਕਰਦਾ ਹੈ। ਇਹ ਦੁੱਖ ਨਹੀਂ ਪਾਉਣਾ ਚਾਹੁੰਦਾ ਸਗੋਂ ਆਨੰਦ ਦੀ ਸਥਿਤੀ ਵਿਚ ਬਣਿਆ ਰਹਿਣਾ ਲੋਚਦਾ ਹੈ। ਇਹ ਸੋਚਣ ਦੀ ਮੂਲ ਜਾਂ ਪ੍ਰਾਥਮਿਕ ਪ੍ਰਕਿਰਿਆ ਦੀ ਤਰ੍ਹਾਂ ਹੈ ਜੋ ਤਰਕਹੀਣ, ਬੇ-ਆਧਾਰ ਅਤੇ ਭਾਵਨਾਵਾਂ ਦੀ ਤੁਰੰਤ ਸੰਤੁਸ਼ਟੀ ਦੁਆਰਾ ਪ੍ਰੇਰਿਤ ਹੁੰਦਾ ਹੈ।

ਈਗੋ ਨੂੰ ਵਿਅਕਤਿੱਤਵ ਦੀ ਕਾਰਜਕਾਰੀ ਸ਼ਾਖ਼ਾ ਕਿਹਾ ਜਾਂਦਾ ਹੈ ਕਿਉਂਕਿ ਇਹ ਫੈਸਲੇ ਲੈਣ ਲਈ ਤਰਕ ਦਾ ਉਪਯੋਗ ਕਰਦੀ ਹੈ। ਜਦ ਤੱਕ ਸਥਿਤੀਆਂ ਆਪਣੀਆਂ ਭਾਵਨਾਵਾਂ ਦੀ ਸੰਤੁਸ਼ਟੀ ਲਈ ਆਗਿਆ ਨਾ ਦੇਣ, ਓਦੋਂ ਤੱਕ ਈਗੋ ਦਾ ਕਾਰਜ ਇਦ ਦੀ ਜਾਂਚ ਕਰਨਾ ਹੈ। ਇਸ ਪ੍ਰਕਾਰ ਈਗੋ ਵਾਸਤਵਿਕ ਸਿਧਾਂਤ (Reality Principle) ਦੇ ਆਧਾਰ ਉੱਤੇ ਕਾਰਜ ਕਰਦੀ ਹੋਈ ਵਿਭਿੰਨ ਕਿਰਿਆਵਾਂ ਦੇ ਸਿੱਟਿਆਂ ਨੂੰ ਨਿਰਦੇਸ਼ਿਤ ਕਰਦੀ ਹੈ। ਇਹ ਇੱਕ ਪ੍ਰਕਾਰ ਨਾਲ ਦੁਜੈਲੀ ਸੋਚ ਪ੍ਰਣਾਲੀ ਹੈ ਜੋ ਕਿ ਤਰਕਪੂਰਨ ਅਤੇ ਵਿਵੇਕ ਆਧਾਰਤ ਹੈ। ਈਗੋ ਦੀ ਭੂਮਿਕਾ ਇਦ ਨੂੰ ਸਮਾਜਿਕ ਤੌਰ 'ਤੇ ਅਣ-ਉਚਿਤ ਤਰੀਕਿਆਂ ਨਾਲ ਭਾਵਨਾਵਾਂ ਨੂੰ ਸੰਤੁਸ਼ਟ ਕਰਨ ਤੋਂ ਰੋਕਣਾ ਹੈ।

ਸੁਪਰ-ਈਗੋ ਵਿਅਕਤਿੱਤਵ ਦਾ ਨੈਤਿਕ ਹਿੱਸਾ ਹੈ ਇਸ ਵਿਚ ਉਹ ਸਾਰੀਆਂ ਨੈਤਿਕ ਕਦਰਾਂ-ਕੀਮਤਾਂ ਆਉਂਦੀਆਂ ਹਨ ਜੋ ਮਾਪਿਆਂ ਜਾਂ ਸਮਾਜ ਤੋਂ ਸਿੱਖੀਆਂ ਹੁੰਦੀਆਂ ਹਨ। ਇਹ ਇਦ ਦੇ ਆਵੇਗਾਂ ਨੂੰ ਕੇਵਲ ਉਸ ਸਮੇਂ ਸੰਤੁਸ਼ਟ ਹੋਣ ਦੀ ਆਗਿਆ ਪ੍ਰਦਾਨ ਕਰਦੀ ਹੈ ਜਦੋਂ ਉਹ ਨੈਤਿਕ ਰੂਪ ਵਿਚ ਸਹੀ ਹੋਣ ਨਾ ਕਿ ਕੇਵਲ ਇਸ ਲਈ ਕਿ ਉਹ ਸੰਭਵ ਜਾਂ ਸੁਰੱਖਿਅਤ ਹਨ। ਇਸ ਪ੍ਰਕਾਰ ਸੁਪਰ-ਈਗੋ ਲੋਕਾਂ ਵਿਚ ਅਪਰਾਧ ਦੀ ਭਾਵਨਾ ਨੂੰ ਉਤਪੰਨ ਕਰਦੀ ਹੈ, ਜੇਕਰ ਉਹ ਸਮਾਜਿਕ ਨਿਯਮਾਂ ਦੇ ਵਿਰੋਧ ਵਿਚ ਜਾਂਦੇ ਹਨ। ਈਗੋ ਦੀ ਤਰ੍ਹਾਂ ਸੁਪਰ-ਈਗੋ ਵੀ ਜਾਗਰੂਕਤਾ ਦੇ ਤਿੰਨੇ ਪਹਿਲੂਆਂ ਨਾਲ ਸੰਬੰਧਤ ਹੈ।

**ਵਿਵਾਦ (Conflict):**

ਫਰਾਇਡ ਦਾ ਮੰਨਣਾ ਹੈ ਕਿ ਇਦ, ਈਗੋ ਅਤੇ ਸੁਪਰ-ਈਗੋ ਤਿੰਨੇ ਆਪਸੀ ਵਿਵਾਦ ਵਿਚ ਰਹਿੰਦੇ ਹਨ। ਉਸਨੇ ਜਿਣਸੀ ਅਤੇ ਅਕਰਮਕ ਭਾਵਨਾਵਾਂ ਉੱਤੇ ਜ਼ਿਆਦਾ ਜ਼ੋਰ ਦਿੱਤਾ। ਅਸਲ ਵਿਚ ਇਹ ਭਾਵਨਾਵਾਂ ਸਮਾਜਿਕ ਨਿਯਮਾਂ ਨੂੰ ਤੋੜਦੀਆਂ ਹਨ। ਫਰਾਇਡ ਦਾ ਵਿਚਾਰ ਹੈ ਕਿ ਚਿੰਤਾ ਅਤੇ ਘਬਰਾਹਟ ਓਦੋਂ ਪੈਦਾ ਹੁੰਦੇ ਹਨ ਜਦੋਂ ਈਗੋ, ਇਦ ਅਤੇ ਸੁਪਰ-ਈਗੋ ਦੀਆਂ ਮੰਗਾਂ ਵਿਚਕਾਰ ਇੱਕ ਸੰਤੁਲਨ ਨਹੀਂ ਬਿਠਾ ਪਾਉਂਦੀ। ਇਦ ਆਪਣੇ ਆਵੇਗਾਂ ਦੀ ਸੰਤੁਸ਼ਟੀ ਚਾਹੁੰਦਾ ਹੈ ਜਦਕਿ ਸੁਪਰ-ਈਗੋ ਨੈਤਿਕ ਕਦਰਾਂ-ਕੀਮਤਾਂ ਨੂੰ ਬਣਾਈ ਰੱਖਣਾ ਚਾਹੁੰਦਾ ਹੈ।

**ਐਰਿਕ ਹੋਮਬਰਗਰ ਅਰਿਕਸਨ (Erik Homburger Erikson 1902-1994):** ਐਰਿਕ ਹੋਮਬਰਗਰ ਅਰਿਕਸਨ ਜਰਮਨ-ਅਮਰੀਕੀ ਬੱਚਿਆਂ ਦੇ ਮਨੋਵਿਗਿਆਨਕ ਵਿਸ਼ਲੇਸ਼ਕ ਸਨ। ਐਰਿਕਸਨ ਨੇ ਮਨੁੱਖੀ ਜੀਵ ਦੇ ਮਨੋਵਿਗਿਆਨਕ ਵਿਕਾਸ ਬਾਰੇ 'ਸਮਾਜਿਕ/ਸੰਵੇਗਆਤਮਿਕ ਸਿਧਾਂਤ' (Social/emotional theory) ਦਿੱਤਾ ਹੈ । ਇਸ ਸਿਧਾਂਤ ਰਾਹੀਂ ਅਰਿਕਸਨ ਨੇ ਪਛਾਣ ਦੀ ਪਰਿਭਾਸ਼ਾ ਵਿਚ ਅੰਦਰੂਨੀ ਮਨੋਵਿਗਿਆਨਕ ਸ਼ਕਤੀਆਂ ਅਤੇ ਬਾਹਰੀ ਸਮਾਜਿਕ ਸੰਦਰਭਾਂ ਨੂੰ ਸ਼ਾਮਿਲ ਕੀਤਾ ਹੈ। ਅਰਿਕਸਨ ਅਨੁਸਾਰ ਮਨੁੱਖੀ ਵਿਕਾਸ ਜੀਵਨ ਸੰਕਟਾਂ ਦਾ ਕ੍ਰਮ ਹੈ ਜੋ ਕਿ ਜੀਵਨ ਦੇ ਵਿਭਿੰਨ ਪੜਾਵਾਂ ਨਾਲ ਸੰਬੰਧਤ ਹੁੰਦੇ ਹਨ। ਵਿਕਾਸ ਕਰਨ ਲਈ ਮਾਨਵ ਨੂੰ ਸੰਕਟ ਉੱਤੇ ਜਿੱਤ ਪ੍ਰਾਪਤ ਕਰਨੀ ਹੋਵੇਗੀ। ਇਹ ਸਿਧਾਂਤ ਮਨੋਵਿਸ਼ਲੇਸ਼ਕ ਫਰਾਇਡ ਦੀ ਕਿਰਤ ਤੋਂ ਪ੍ਰਭਾਵਿਤ ਸੀ ਹਾਲਾਂਕਿ ਅਰਿਕਸਨ ਦਾ ਸਿਧਾਂਤ ਮਨੋ-ਸਮਾਜਿਕ ਵਿਕਾਸ ਉੱਤੇ ਆਧਾਰਤ ਹੈ ਨਾ ਕਿ ਮਨੋ-ਸੈਕਸੁਅਲ ਵਿਕਾਸ ਉੱਤੇ। ਅਰਿਕਸਨ ਦਾ ਮੰਨਣਾ ਸੀ ਕਿ ਫਰਾਇਡ ਦੁਆਰਾ ਵਰਣਨ ਕੀਤੇ ਗਏ ਈਗੋ, ਇਦ, ਸੁਪਰ-ਈਗੋ ਦੇ ਵਿਚਕਾਰ ਈਗੋ ਦੀ ਭੂਮਿਕਾ ਜ਼ਿਆਦਾ ਹੈ। ਉਨ੍ਹਾਂ ਨੇ ਮਾਨਵੀ ਵਿਕਾਸ ਅਤੇ ਵਿਅਕਤਿੱਤਵ ਵਿਚ ਈਗੋ ਨੂੰ ਇੱਕ ਸਕਾਰਾਤਮਿਕ ਵਾਹਕ (driver) ਦੇ ਰੂਪ ਵਿਚ ਵੇਖਿਆ। ਉਨ੍ਹਾਂ ਦਾ ਮੰਨਣਾ ਹੈ ਕਿ ਈਗੋ ਦਾ ਮੁੱਖ ਕੰਮ ਪਛਾਣ ਦੀ ਭਾਵਨਾ ਨੂੰ ਸਥਾਪਿਤ ਕਰਨਾ ਅਤੇ ਬਣਾਈ ਰੱਖਣਾ ਹੈ। ਜਿੰਨਾਂ ਲੋਕਾਂ ਦਾ ਈਗੋ ਕਮਜ਼ੋਰ ਨਹੀਂ ਹੁੰਦਾ ਉਹ ਵਾਰ-ਵਾਰ ਕੋਸ਼ਿਸ਼ ਕਰਦੇ ਹਨ ਅਤੇ ਜਿੰਨਾਂ ਦਾ ਈਗੋ ਕਮਜ਼ੋਰ ਹੁੰਦਾ ਹੈ, ਉਹ ਪਛਾਣ ਸੰਕਟ ਵਿਚ ਫਸ ਜਾਂਦੇ ਹਨ। ਫਰਾਇਡ ਦੀ ਈਗੋ ਨੂੰ ਐਰਿਕਸਨ ਨੇ ਨਾ ਕੇਵਲ ਵਿਸਤ੍ਰਿਤ ਆਧਾਰ ਦਿੱਤੇ ਸਗੋਂ ਭਵਿੱਖ ਵਿਚ ਪਛਾਣ ਉੱਪਰ ਹੋਣ ਵਾਲੇ ਕਾਰਜਾਂ 'ਤੇ ਵੀ ਮਹੱਤਵਪੂਰਨ ਪ੍ਰਭਾਵ ਪਾਇਆ।

**ਜੇਮਸ ਮਰਸੀਆ (James Marcia 1937):** ਜੇਮਸ ਮਰਸੀਆ ਇੱਕ ਕਲੀਨੀਕਲ ਅਤੇ ਵਿਕਾਸ-ਮਨੋਵਿਗਿਆਨੀ ਸਨ। ਜੇਮਸ ਮਰਸੀਆ ਨੇ ਆਪਣੇ 'ਪਛਾਣ ਨਿਰਮਾਣ ਮਾਡਲ' (Identity Status Theory) ਲਈ ਐਰਿਕ ਦੇ ਬੁਨਿਆਦੀ ਆਧਾਰ ਨੂੰ ਵਿਕਸਿਤ ਕੀਤਾ ਅਤੇ ਅੱਗੇ ਵਧਾਇਆ। ਜੇਮਸ ਮਰਸੀਆ ਆਪਣੇ ਮਾਡਲ ਵਿਚ ਪਛਾਣ ਸੰਕਟ ਨੂੰ ਕੇਵਲ ਕਿਸ਼ੋਰ ਅਵਸਥਾ ਨਾਲ ਸੰਬੰਧਤ ਕਰਕੇ ਹੀ ਨਹੀਂ ਦੇਖਦਾ ਸਗੋਂ ਉਸ ਦਾ ਮੰਨਣਾ ਹੈ ਕਿ ਵਿਅਕਤੀ ਜੀਵਨ ਦੇ ਕਿਸੇ ਵੀ ਪੜਾਅ ਵਿਚ ਇਹ ਸੰਕਟ ਉਤਪੰਨ ਹੋ ਸਕਦਾ ਹੈ ਜਿਸ ਵਿਚ ਕਈ ਵਾਰ ਪੁਰਾਣੇ ਵਿਸ਼ਵਾਸ, ਮੁੱਲ, ਵਿਚਾਰਾਂ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਵਿਅਕਤੀ ਜਾਂ ਕਿਸ਼ੋਰ ਨਵੇਂ ਵਿਸ਼ਵਾਸ, ਵਿਚਾਰ, ਮੁੱਲ, ਧਰਮ, ਕਿੱਤੇ ਨੂੰ ਖੋਜਣਾ ਸ਼ੁਰੂ ਕਰ ਦਿੰਦਾ ਹੈ। ਇਸ ਦੌਰਾਨ ਉਹ ਅੰਦਰੂਨੀ ਦਵੰਦ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਦਵੰਦ ਦਾ ਖ਼ਾਤਮਾ ਕਿਸੇ ਨਵੇਂ ਵਿਚਾਰ, ਮੁੱਲਾਂ, ਯਕੀਨਾਂ ਜਾਂ ਕਿੱਤਿਆਂ ਨੂੰ ਅਪਨਾਉਣ ਦੇ ਰੂਪ ਵਿਚ ਹੁੰਦਾ ਹੈ।

**ਸਮਾਜ-ਮਨੋਵਿਗਿਆਨੀ**

**ਜਾਰਜ ਹਾਰਬਟ ਮੀਡ (George Herbert Mead 1863-1931):** ਜਾਰਜ ਹਾਰਬਟ ਮੀਡ ਇੱਕ ਪ੍ਰਮੁੱਖ ਅਮਰੀਕੀ ਵਿਚਾਰਕ ਅਤੇ ਦਾਰਸ਼ਨਿਕ ਸਨ। ਉਨ੍ਹਾਂ ਨੇ ਮੀਸ਼ੀਗਨ ਯੂਨੀਵਰਸਿਟੀ ਵਿਚ ਦਰਸ਼ਨ ਅਤੇ ਸਮਾਜ ਮਨੋਵਿਗਿਆਨ ਪੜ੍ਹਾਇਆ ਅਤੇ ਆਪਣੇ ਜੀਵਨ ਕਾਲ ਵਿਚ ਕੁਝ ਵੀ ਪ੍ਰਕਾਸ਼ਤ ਨਹੀਂ ਕੀਤਾ। ਪਰ ਮੀਡ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਵਿਚਾਰਾਂ ਨੂੰ ਲੈ ਕੇ ਉਨ੍ਹਾਂ ਦੇ ਵਿਦਿਆਰਥੀਆਂ ਨੇ 1934 ਵਿਚ ਇੱਕ ਪੁਸਤਕ ਪ੍ਰਕਾਸ਼ਤ ਕੀਤੀ ਜਿਸ ਦਾ ਨਾਂ 'Mind, Self and Society: From the stand point of a

social Behavourist' ਹੈ। ਇਸ ਪੁਸਤਕ ਨੇ ਸੰਕੇਤਕ-ਅੰਤਰਕਿਰਿਆਵਾਦ ਸਕੂਲ (Symbolic Interactionism School) ਦੀ ਨੀਂਹ ਰੱਖੀ। 'ਹਰਬਰਟ ਮੀਡ ਦੇ ਵਿਦਿਆਰਥੀ ਹਰਬਰਟ ਬਲੂਮਰ ਦੁਆਰਾ 1930 ਵਿਚ ਸੰਕੇਤਕ-ਅੰਤਰਕਿਰਿਆ (Symbolic Interaction) ਪਰੰਪਰਾ ਦਾ ਨਾਮਕਰਨ ਕੀਤਾ ਗਿਆ।'[6] ਸਵੈ ਅਤੇ ਚੇਤਨਾ ਦੇ ਵਿਕਾਸ ਸੰਬੰਧੀ ਉਨ੍ਹਾਂ ਦਾ ਇਹ ਸਿਧਾਂਤ ਇੱਕ ਅਜਿਹਾ ਆਧਾਰ ਪ੍ਰਦਾਨ ਕਰਦਾ ਹੈ ਜਿਸ ਉੱਤੇ ਕਈ ਹੋਰ ਸਿਧਾਂਤਾਂ ਦਾ ਨਿਰਮਾਣ ਕੀਤਾ ਗਿਆ ਹੈ ਹਾਲਾਂਕਿ ਮੀਡ ਦਾ ਸਿਧਾਂਤ ਸਿੱਧੇ ਰੂਪ ਨਾਲ ਪਛਾਣ ਨੂੰ ਪਰਿਭਾਸ਼ਤ ਨਹੀਂ ਕਰਦਾ ਸਗੋਂ ਇਹ ਚਿੱਤ, ਸਵੈ ਅਤੇ ਇਨ੍ਹਾਂ ਦੇ ਨਿਰਮਾਣ ਵਿਚ ਬਾਹਰੀ ਸਮਾਜਿਕ ਪ੍ਰਕਿਰਿਆਵਾਂ ਉੱਤੇ ਰੌਸ਼ਨੀ ਪਾਉਂਦਾ ਹੈ। ਪ੍ਰੰਤੂ ਇਹ ਸਪੱਸ਼ਟ ਹੈ ਕਿ ਜਦੋਂ ਵੀ ਸਵੈ ਬਾਹਰੀ ਪਰਸਪਰ ਸਮਾਜਿਕ ਪ੍ਰਕਿਰਿਆਵਾਂ ਵਿਚ ਬੰਨ੍ਹਿਆ ਜਾਂਦਾ ਹੈ ਤਦ ਇਹ ਬਹੁ-ਪਰਤੀ ਹੋ ਜਾਂਦਾ ਹੈ। ਇਹ ਬਹੁ-ਪਰਤੀ ਸਵੈ ਵੱਖ-ਵੱਖ ਪਛਾਣਾਂ ਨੂੰ ਸਿਰਜਤ ਕਰਨ ਦਾ ਆਧਾਰ ਬਣਦਾ ਹੈ।

**ਸਮਾਜ-ਸ਼ਾਸ਼ਤਰੀ:**

**ਇਰਵਿੰਗ ਗੌਫਮੈਨ (Erving Goffman 1922-1982):** ਇਰਵਿੰਗ ਗੌਫਮੈਨ ਅਮਰੀਕੀ ਸਮਾਜ-ਸ਼ਾਸ਼ਤਰੀ ਸਨ ਜਿੰਨਾਂ ਨੇ 'ਸੰਕੇਤਕ ਅੰਤਰਕਿਰਿਆਵਾਦ' ਦੇ ਆਧਾਰ ਉੱਤੇ ਸਮਾਜਿਕ ਸਿਧਾਂਤ (Social Theory) ਵਿਕਸਤ ਕੀਤਾ। ਗੌਫਮੈਨ ਪਹਿਲੇ ਅਜਿਹੇ ਵਿਚਾਰਕ ਸਨ ਜਿੰਨਾਂ ਨੇ ਨਾਟ ਕਲਾ ਨੂੰ ਮੈਟਾਫਰ ਦੇ ਤੌਰ 'ਤੇ ਇਸਤੇਮਾਲ ਕੀਤਾ। ਇਨ੍ਹਾਂ ਦੇ ਸਿਧਾਂਤ ਨੂੰ ਨਾਟਕਲਾਤਮਕ ਵਿਸ਼ਲੇਸ਼ਣ (dramaturgical analysis) ਕਿਹਾ ਜਾਂਦਾ ਹੈ ਜਿਸ ਰਾਹੀਂ ਗੌਫਮੈਨ ਸਮਾਜਿਕ ਜੀਵਨ ਨੂੰ ਇੱਕ ਨਾਟਕ ਰੂਪ ਵਿਚ ਪ੍ਰਸਤੁਤ ਕੀਤਾ ਹੈ। ਜਿਸ ਵਿਚ ਸਮਾਜਿਕ ਅਭਿਨੇਤਾ ਸਮਾਜਿਕ ਅੰਤਰਕਿਰਿਆ ਰਾਹੀਂ ਆਪਣੀ ਭੂਮਿਕਾ ਨਿਭਾਉਂਦੇ ਹਨ। ਕੋਈ ਵੀ ਵਿਅਕਤੀ ਸਮਾਜਿਕ ਸਥਿਤੀ ਵਿਚ ਵਿਚਰਦਿਆਂ ਆਪਣੇ ਸਵੈ ਦੇ ਉਸ ਪਹਿਲੂ ਨੂੰ ਪ੍ਰਸਤੁਤ ਕਰਦਾ ਹੈ ਜੋ ਪ੍ਰਸਥਿਤੀ ਅਨੁਸਾਰ ਸਭ ਤੋਂ ਵਧੀਆ ਕਾਰਜ ਕਰਦਾ ਹੈ।

**ਜਾਰਜ ਜੇ. ਮੈਕਕਾਲ ਅਤੇ ਜੇ ਐੱਲ ਸੀਮਨ (George J. McCall & JLSimmons 1978):** ਮੈਕਕਾਲ ਅਤੇ ਸੀਮਨ ਪਛਾਣ ਸਿਧਾਂਤ ਦੀ ਕੇਂਦਰੀ ਧਾਰਨਾ ਭੂਮਿਕਾ ਪਛਾਣ (Role Identity) ਹੈ। ਭੂਮਿਕਾ ਪਛਾਣ ਇੱਕ ਕਲਪਿਤ ਵਰਤਾਰਾ ਹੈ ਜਿਸ ਵਿਚ ਇੱਕ ਵਿਅਕਤੀ ਆਪਣੇ ਆਪ ਨੂੰ ਇੱਕ ਖਾਸ ਸਮਾਜਿਕ ਸਥਿਤੀ ਵਜੋਂ ਸੋਚਦਾ ਹੈ ਜਾਂ ਉਸ ਸਥਿਤੀ ਵਿਚ ਕਾਰਜ ਕਰਨਾ ਪਸੰਦ ਕਰਦਾ ਹੈ। ਮੈਕਕਾਲ ਅਤੇ ਸੀਮਨ ਅਨੁਸਾਰ ਭੂਮਿਕਾ ਪਛਾਣ ਵਿਚ ਦੋ ਤਰ੍ਹਾਂ ਦੇ ਪਹਿਲੂ ਸ਼ਾਮਲ ਹੁੰਦੇ ਹਨ। ਪਹਿਲਾ ਪਰੰਪਰਾਗਤ ਪਹਿਲੂ (The role of role identities) ਅਤੇ ਦੂਜਾ ਆਾਈਡੀਓਸਿਨਕਰੈਟਿਕ (Idiosyncratic) ਪਹਿਲੂ ਜਾਂ ਵਿਸ਼ੇਸ਼ ਵਿਅਕਤੀਗਤ ਸਮਕਾਲਿਕ ਪਹਿਲੂ (the identity of role identities)। ਪਰੰਪਰਾਗਤ ਪਹਿਲੂ ਵਿਚ ਕਿਸੇ ਅਹੁਦੇ ਨਾਲ ਸੰਬੰਧਤ ਰਵਾਇਤੀ ਗਤੀਵਿਧੀਆਂ ਅਤੇ ਕਾਰਜ ਵਿਵਹਾਰ ਸ਼ਾਮਿਲ ਹੁੰਦੇ ਹਨ ਜਦਕਿ ਆਈਡੀਓਸਿਨਕਰੈਟਿਕ (Idiosyncratic) ਪਹਿਲੂ ਜਾਂ ਵਿਸ਼ੇਸ਼ ਵਿਅਕਤੀਗਤ ਸਮਕਾਲਿਕ ਪਹਿਲੂ (the identity of role identities) ਵਿਚ ਆਪਣੀ ਰਵਾਇਤੀ ਭੂਮਿਕਾ ਨਿਭਾਉਂਦੇ ਹੋਏ ਕਿਸੇ ਖਾਸ ਵਿਅਕਤੀਗਤ ਵਿਸ਼ੇਸ਼ਤਾ ਦੀ ਵਿਆਖਿਆ ਸ਼ਾਮਿਲ ਹੁੰਦੀ ਹੈ। ਉਦਾਹਰਣ ਵਜੋਂ ਕਿਸੇ ਪ੍ਰੋਫ਼ੈਸਰ ਦਾ ਪਰੰਪਰਾਗਤ ਕੰਮ ਪੜ੍ਹਾਉਣਾ ਜਾਂ ਸ਼ੋਧ ਕਰਨਾ ਹੁੰਦਾ ਹੈ ਪ੍ਰੰਤੂ ਜਦ ਉਹ ਇਸ ਰਵਾਇਤੀ ਭੂਮਿਕਾ ਨੂੰ ਨਿਭਾਉਂਦਾ ਹੋਇਆ ਵਿਦਿਆਰਥੀਆਂ ਦਾ ਦੋਸਤ ਜਾਂ ਰੱਖਿਅਕ ਵਜੋਂ ਪਛਾਣਿਆ ਜਾਣ ਲੱਗਦਾ ਹੈ ਤਦ ਉਸ ਦਾ ਵਿਸ਼ੇਸ਼ ਵਿਅਕਤੀਗਤ ਸਮਕਾਲਿਕ ਪਹਿਲੂ ਉਜਾਗਰ ਹੁੰਦਾ ਹੈ। ਇਸ ਪ੍ਰਕਾਰ ਵਿਅਕਤੀ ਕਿਸੇ ਸਥਿਤੀ ਨਾਲ ਸੰਬੰਧਤ ਪਰੰਪਰਾਗਤ ਪਛਾਣ ਨੂੰ ਬਰਕਰਾਰ ਰੱਖਦਾ ਹੋਇਆ ਆਪਣੇ ਲਈ ਕੋਈ ਵਿਲੱਖਣ ਪਛਾਣ ਵੀ ਘੜ ਸਕਦਾ ਹੈ। ਇਨ੍ਹਾਂ ਦੋਵਾਂ ਪਹਿਲੂਆਂ ਵਿਚ ਵਿਵਹਾਰ ਇੱਕ ਮਹੱਤਵਪੂਰਨ ਪੱਖ ਬਣਕੇ ਉੱਭਰ ਰਿਹਾ ਹੈ।

ਮੈਕਕਾਲ ਅਤੇ ਸੀਮਨ ਅਨੁਸਾਰ ਭੂਮਿਕਾ ਪਛਾਣਾਂ ਚਾਹੇ ਉਹ ਪਰੰਪਰਾਗਤ ਹੋਣ ਜਾਂ ਆਈਡੀਓਸਿਨਕਰੈਟਿਕ (Idiosyncratic) ਕਾਫ਼ੀ ਹੱਦ ਤੱਕ ਸਮਝੌਤਾਵਾਦੀ ਅਤੇ ਪਰਿਵਰਤਨਸ਼ੀਲ ਹੁੰਦੀਆਂ ਹਨ। ਮੈਕਕਾਲ ਅਤੇ ਸੀਮਨ ਦਾ ਮੰਨਣਾ ਹੈ ਕਿ ਆਪਣੀ ਭੂਮਿਕਾ ਪਛਾਣ ਦੀ ਵੈਧਤਾ ਸਥਾਪਿਤ ਕਰਨ ਲਈ ਵਿਅਕਤੀ ਭੂਮਿਕਾ ਪਛਾਣ ਦਾ ਪ੍ਰਦਰਸ਼ਨ ਕਰਦਾ ਹੈ। ਇਸ ਪ੍ਰਦਰਸ਼ਨ ਦਾ ਮੁਲਾਂਕਣ ਸਵੈ-ਸਮਰਥਨ ਵੀ ਹੁੰਦਾ ਹੈ ਅਤੇ ਦੂਜਿਆਂ ਦੇ ਦ੍ਰਿਸ਼ਟੀਕੋਣ ਤੋਂ ਵੀ। ਕਿਸੇ ਵੀ ਵਿਅਕਤੀ ਦੇ ਪਰੰਪਰਾਗਤ ਅਤੇ ਆਈਡੀਓਸਿਨਕਰੈਟਿਕ (Idiosyncratic) ਵਿਵਹਾਰ ਦਾ ਮੁਲਾਂਕਣ ਨਾ ਕੇਵਲ ਆਪਣੇ ਦ੍ਰਿਸ਼ਟੀਕੋਣ ਤੋਂ ਹੁੰਦਾ ਹੈ ਸਗੋਂ ਦੂਜਿਆਂ ਦੇ ਦ੍ਰਿਸ਼ਟੀਕੋਣ ਤੋਂ ਵੀ ਹੁੰਦਾ ਹੈ।

**ਸ਼ੈਲਡਨ ਸਟ੍ਰਾਈਕਰ (Sheldon Stryker 1924-2016):** ਸਟ੍ਰਾਈਕਰ ਦਾ ਪਛਾਣ ਸਿਧਾਂਤ ਵੀ ਮੈਕਕਾਲ ਅਤੇ ਸੀਮਨ ਦੀ ਤਰ੍ਹਾਂ ਭੂਮਿਕਾ ਪਛਾਣਾਂ ਉੱਤੇ ਹੀ ਆਧਾਰਤ ਹੈ ਪ੍ਰੰਤੂ ਸਟ੍ਰਾਈਕਰ ਪਰੰਪਰਾਗਤ ਪਛਾਣਾਂ ਅਤੇ ਉਸ ਦੇ ਆਦਰਸ਼ਕ ਪੱਖ ਨੂੰ ਜ਼ਿਆਦਾ ਉਭਾਰਦਾ ਹੈ। ਸਟ੍ਰਾਈਕਰ ਮੈਕਕਾਲ ਅਤੇ ਸੀਮਨ ਦੀ ਤਰ੍ਹਾਂ ਇਹ ਮੰਨਦਾ ਹੈ ਕਿ ਪਛਾਣਾਂ ਬਹੁ-ਪਰਤੀ ਹੁੰਦੀਆਂ ਹਨ ਪ੍ਰੰਤੂ ਇਨ੍ਹਾਂ ਪਛਾਣਾਂ ਦੇ ਨਿਰਮਾਣ ਵਿਚ ਉਹ ਸਮਾਜ ਦੀ ਢਾਂਚਾਗਤ ਵਿਵਸਥਾ ਦੀ ਭੂਮਿਕਾ ਉੱਤੇ ਵਧੇਰੇ ਜ਼ੋਰ ਦਿੰਦਾ ਹੈ। ਸਟ੍ਰਾਈਕਰ ਮੰਨਦਾ ਹੈ ਕਿ ਬਹੁ-ਪਰਤੀ ਪਛਾਣਾਂ ਸਵੈ ਅੰਦਰ ਇੱਕ ਦਰਜੇਬੰਦੀ ਦੇ ਰੂਪ ਵਿਚ ਹੁੰਦੀਆਂ ਹਨ। ਸਟ੍ਰਾਈਕਰ ਅਨੁਸਾਰ ਸਮਾਜ ਪਰਸਪਰ ਕਿਰਿਆਵਾਂ ਅਤੇ ਸੰਬੰਧਾਂ ਦੀ ਇੱਕ ਸਥਾਈ ਪ੍ਰਣਾਲੀ ਹੈ। ਇਹ ਪਰਸਪਰ ਕਿਰਿਆਵਾਂ ਅਤੇ ਸੰਬੰਧ ਸਮੂਹ, ਸੰਸਥਾਵਾਂ, ਭਾਈਚਾਰੇ, ਸੰਗਠਨ ਅੰਦਰ ਮੌਜੂਦ ਹੁੰਦੇ ਹਨ। ਲੋਕ ਸਮਾਜਿਕ ਰਿਸ਼ਤਿਆਂ ਦੇ ਛੋਟੇ ਨੈੱਟਵਰਕਾਂ ਵਿਚ ਭੂਮਿਕਾ ਨਿਭਾਉਂਦੇ ਹਨ। ਨੈੱਟਵਰਕ ਵਿਚ ਕਿਸੇ ਵਿਅਕਤੀ ਦੇ ਦਾਖ਼ਲ ਹੋਣ ਦੀ ਸੰਭਾਵਨਾ ਇੱਕ ਵੱਡੇ ਸਮਾਜਿਕ ਢਾਂਚੇ ਦੁਆਰਾ ਪ੍ਰਭਾਵਿਤ ਹੁੰਦੀ ਹੈ। ਵੱਖ-ਵੱਖ ਸਮਾਜਿਕ ਨੈੱਟਵਰਕਾਂ ਵਿਚ ਵੱਖ-ਵੱਖ ਅਹੁਦਿਆਂ ਉੱਤੇ ਬਿਰਾਜਮਾਨ ਵਿਅਕਤੀਆਂ ਦੀ ਆਪਣੀ ਵੱਖਰੀ-ਵੱਖਰੀ ਭੂਮਿਕਾ ਅਤੇ ਉਸ ਭੂਮਿਕਾ ਨਾਲ ਸੰਬੰਧਤ ਉਮੀਦਾਂ ਹੁੰਦੀਆਂ ਹਨ।

**ਹੈਨਰੀ ਤਾਜਫੈਲ ( Hanery Tajfel 1919-1982):** ਹੈਨਰੀ ਤਾਜਫੈਲ ਨੇ 1979 ਵਿਚ 'ਸਮਾਜਿਕ ਪਛਾਣ ਸਿਧਾਂਤ' (Social Identity Theory) ਵਿਕਸਤ ਕੀਤਾ। ਇਸ ਸਿਧਾਂਤ ਅਨੁਸਾਰ ਵਿਅਕਤੀ ਦੀ ਸਮਾਜਿਕ ਪਛਾਣ ਉਸ ਵਿਸ਼ਾਲ ਸਮਾਜਿਕ ਪਛਾਣਾਂ ਤੋਂ ਨਿਰਮਿਤ ਹੁੰਦੀ ਹੈ ਜੋ ਵੱਖ-ਵੱਖ ਸਮਾਜਿਕ ਸ਼੍ਰੇਣੀਆਂ ਜਿਵੇਂ ਵਰਗ, ਜਾਤੀ, ਲਿੰਗ, ਸਿੱਖਿਅਕ ਸੰਸਥਾ ਜਾਂ ਗ਼ੈਰ-ਸਿੱਖਿਅਕ ਗਤੀਵਿਧੀ ਆਦਿ ਕਾਰਨ ਕਿਸੇ ਵਿਅਕਤੀ ਕੋਲ ਹੁੰਦੀ ਹੈ। ਵਡੇਰੀਆਂ ਸਮਾਜਿਕ ਪਛਾਣਾਂ ਕਈ ਹੋਰ ਪ੍ਰਕਾਰ ਦੀਆਂ ਪਛਾਣਾਂ ਨੂੰ ਜਨਮ ਦਿੰਦੀਆਂ ਹਨ ਜੋ ਇੱਕੋ ਸਮੇਂ ਗਤੀਸ਼ੀਲ, ਪ੍ਰਮੁੱਖ ਅਤੇ ਵਿਸ਼ੇਸ਼ ਨਹੀਂ ਹੁੰਦੀਆਂ ਸਗੋਂ ਵਿਸ਼ੇਸ਼ ਸਮਾਜਿਕ

ਸੰਦਰਭਾਂ ਵਿਚੋਂ ਅਰਥ ਗ੍ਰਹਿਣ ਕਰਦੀਆਂ ਹਨ। ਇਹ ਪਛਾਣਾਂ ਅੰਤਰ-ਸਮੂਹ (In-group) ਅਤੇ ਬਾਹਰੀ-ਸਮੂਹ (Out-group) ਦੀ ਤੁਲਨਾਤਮਿਕਤਾ ਤੋਂ ਰੂਪ ਗ੍ਰਹਿਣ ਕਰਦੀਆਂ ਹਨ। ਇੱਕ ਪੰਜਾਬੀ ਦਾ ਵਿਦਿਆਰਥੀ ਹੋਣ ਦਾ ਮੁੱਲ ਕੇਵਲ ਦੂਜੀਆਂ ਪ੍ਰਸੰਗਿਕ ਬਾਹਰੀ-ਸਮੂਹਿਕ ਪਛਾਣਾਂ (ਜਿਵੇਂ ਮਨੋਵਿਗਿਆਨ ਦਾ ਵਿਦਿਆਰਥੀ) ਨੂੰ ਤੁਲਨਾਤਮਿਕ ਰੂਪ ਵਿਚ ਆਂਕਿਆ ਜਾ ਸਕਦਾ ਹੈ। ਅੰਤਰ-ਸਮੂਹ ਦੇ ਮੈਂਬਰਾਂ ਨੂੰ ਇੱਕ-ਦੂਜੇ ਤੋਂ ਵੱਖ ਮੰਨਿਆ ਜਾਂਦਾ ਹੈ ਜਦਕਿ ਬਾਹਰੀ-ਸਮੂਹ ਦੇ ਸਾਰੇ ਮੈਂਬਰਾਂ ਨੂੰ ਇੱਕੋ ਜਿਹਾ ਮੰਨਿਆ ਜਾਂਦਾ ਹੈ। ਸਮਾਜਿਕ ਵਰਗੀਕਰਨ, ਸਮਾਜਿਕ ਪਛਾਣ ਅਤੇ ਸਮਾਜਿਕ ਤੁਲਨਾ ਅਜਿਹੇ ਤੰਤਰ ਹਨ ਜੋ ਕਿ ਬਾਹਰੀ ਸਮੂਹਾਂ ਪ੍ਰਤੀ ਰੂੜ੍ਹੀਵਾਦੀ ਅਤੇ ਪੂਰਵ-ਧਾਰਨਾਵਾਂ ਉੱਤੇ ਆਧਾਰਤ ਹੁੰਦੇ ਹਨ।

ਸਮਾਜਿਕ ਪਛਾਣ ਸਿਧਾਂਤਕਾਰਾਂ ਨੇ ਸਮੂਹ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਹੈ। ਇੱਕ ਸਮੂਹ ਆਪਣੇ ਆਪ ਵਿਚ ਇੱਕ ਵਿਸ਼ੇਸ਼ ਸਭਿਆਚਾਰ ਦਾ ਪ੍ਰਦਰਸ਼ਨ ਕਰਦਾ ਹੈ। ਸਮਕਾਲੀ ਦੌਰ ਵਿਚ ਪਛਾਣਾਂ ਦਾ ਅਧਿਐਨ ਸਮਾਜ ਅਤੇ ਸਭਿਆਚਾਰ ਦੇ ਸੰਦਰਭ ਵਿਚ ਜ਼ਿਆਦਾ ਕੀਤਾ ਜਾ ਰਿਹਾ ਹੈ। ਪਰਵਾਸ ਵਿਚ ਵੱਡੇ ਪੱਧਰ ਉੱਤੇ ਵਿਸ਼ਵੀ ਜਨਸੰਖਿਆ ਦੀ ਆਵਾਜਾਈ ਨੇ ਨਾ ਕੇਵਲ ਭੂਗੋਲਿਕ ਸੀਮਾਵਾਂ ਨੂੰ ਤੋੜਿਆ ਸਗੋਂ ਇਸ ਨਾਲ ਸਭਿਆਚਾਰਕ ਸੀਮਾਵਾਂ ਵੀ ਟੁੱਟ ਗਈਆਂ। ਸਭਿਆਚਾਰਕ ਸੀਮਾਵਾਂ ਦੇ ਟੁੱਟਣ ਨਾਲ ਅੰਤਰ-ਸਭਿਆਚਾਰਕ ਸੰਚਾਰ (Intercultural Communication) ਦਾ ਜਨਮ ਹੋਇਆ ਜਿਸ ਉੱਤੇ ਵਰਤਮਾਨ ਸਮੇਂ ਵਿਚ ਬਹੁਤ ਸਾਰੇ ਵਿਦਵਾਨ ਅਤੇ ਖੋਜਾਰਥੀ ਆਪਣਾ ਖੋਜ ਕਾਰਜ ਕਰ ਰਹੇ ਹਨ। ਸਭਿਆਚਾਰਕ ਸੰਚਾਰ ਹੀ ਤੀਸਰੇ ਸਭਿਆਚਾਰ ਨੂੰ ਆਧਾਰ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਤੀਸਰਾ ਸਭਿਆਚਾਰ ਇੱਕ ਨਵੇਂ ਪ੍ਰਕਾਰ ਦੀਆਂ ਗਲੋਬਲੀ ਕਦਰਾਂ-ਕੀਮਤਾਂ, ਭਾਸ਼ਾ ਅਤੇ ਪ੍ਰਾਥਮਿਕਤਾਵਾਂ ਨੂੰ ਤੈਅ ਕਰਦਾ ਹੈ।

### ਸਿਧਾਂਤਾਂ ਅਨੁਸਾਰ ਡਾਇਸਪੋਰਕ ਪਛਾਣ ਦਾ ਸੰਕਟ

ਪਛਾਣ ਕਿਸੇ ਵਿਅਕਤੀ ਦੇ ਸਵੈ, ਉਸ ਦੇ ਤਜ਼ਰਬਿਆਂ, ਤਰਜੀਹਾਂ, ਸਮਾਜ, ਸਭਿਆਚਾਰ, ਵਰਗ, ਉਮਰ, ਜਾਤ ਅਤੇ ਲਿੰਗ ਆਦਿ ਨਾਲ ਜੁੜੀ ਹੁੰਦੀ ਹੈ। ਕਿਸੇ ਵਿਅਕਤੀ ਨੂੰ ਪਛਾਣ ਸੰਕਟ ਵਿਚੋਂ ਓਦੋਂ ਗੁਜ਼ਰਨਾ ਪੈਂਦਾ ਹੈ ਜਦ ਉਸ ਦੇ ਸਾਹਮਣੇ ਕਈ ਅਣਸੁਲਝੇ ਸਵਾਲ ਖੜੇ ਹੋ ਜਾਂਦੇ ਹਨ ਚਾਹੇ ਅਲਪ-ਕਾਲਿਕ ਹੋਣ ਜਾਂ ਦੀਰਘ-ਕਾਲੀ। ਮੂਲ ਸਮਾਜ ਤੋਂ ਟੁੱਟਿਆ ਵਿਅਕਤੀ ਇਨ੍ਹਾਂ ਸਵਾਲਾਂ ਦੇ ਘੇਰੇ ਵਿਚ ਜ਼ਿਆਦਾ ਆਉਂਦਾ ਹੈ। ਇਸ ਪ੍ਰਕਾਰ ਵਿਚਾਰਕਾਂ ਅਤੇ ਚਿੰਤਕਾਂ ਦੇ ਸਿਧਾਂਤਾਂ ਨੂੰ ਡਾਇਸਪੋਰਕ ਪਛਾਣ ਸੰਕਟ ਦੇ ਪ੍ਰਸੰਗ ਵਿਚ ਵਿਚਾਰਦਿਆਂ ਕਿਹਾ ਜਾ ਸਕਦਾ ਹੈ ਕਿ ਹਰ ਸਿਧਾਂਤ ਇੱਕ ਤਣਾਓ ਵੱਲ ਇਸ਼ਾਰਾ ਕਰ ਰਿਹਾ ਹੈ। ਫਰਾਇਡ ਦੇ ਸਿਧਾਂਤ ਵਿਚ ਇਦ, ਈਗੋ ਅਤੇ ਸੁਪਰ-ਈਗੋ ਵਿਚਕਾਰ ਤਣਾਓ ਹੈ। ਐਰਿਕਸਨ ਦੇ ਸਿਧਾਂਤ ਵਿਚ ਪਛਾਣ ਅਤੇ ਭੂਮਿਕਾ ਵਿਚਕਾਰ ਤਣਾਓ ਹੈ। ਮਰਸੀਆ ਦੇ ਸਿਧਾਂਤ ਵਿਚ ਸੰਕਟ ਅਤੇ ਪ੍ਰਤੀਬੱਧਤਾ ਵਿਚਕਾਰ ਤਣਾਓ ਹੈ। ਮੀਡ ਦੇ ਸਿਧਾਂਤ ਵਿਚ ਆਈ ਅਤੇ ਮੀ ਵਿਚਕਾਰ ਤਣਾਓ ਹੈ। ਕੂਲੇ, ਜੇਮਸ, ਬਲੂਮਰ, ਗੌਫਮੈਨ, ਮੈਕਕਾਲ ਤੇ ਸੀਮਨ, ਸਟ੍ਰਾਈਕਰ ਅਤੇ ਤਾਜਫੈਲ ਦੇ ਸਿਧਾਂਤਾਂ ਵਿਚ ਸਵੈ ਅਤੇ ਦੂਜੇ (Others) ਵਿਚਕਾਰ ਤਣਾਓ ਹੈ। ਇਹ ਦੂਜਾ (Others) ਕੁਝ ਵੀ ਹੋ ਸਕਦਾ ਹੈ ਜਿਵੇਂ ਤਜ਼ਰਬਾ, ਤਰਜੀਹ, ਸਥਿਤੀ, ਸਮਾਜ ਜਾਂ ਸਭਿਆਚਾਰਕ ਵਰਗ ਅਤੇ ਸਮੂਹ ਆਦਿ।

ਜੇਕਰ ਇਨ੍ਹਾਂ ਸਿਧਾਂਤਾਂ ਨੂੰ ਪਰਵਾਸੀ ਪੰਜਾਬੀ ਕਵਿਤਾ ਦੇ ਸੰਦਰਭ ਵਿਚ ਵਿਵਹਾਰਕ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਤ ਕਰੀਏ ਤਦ ਇਹ ਵੀ ਇੱਕ ਤਣਾਓ ਨੂੰ ਹੀ ਦਰਸਾਉਂਦੀ ਹੈ। ਇਹ ਤਣਾਓ ਜੇਕਰ ਮਾਨਸਿਕ ਦ੍ਰਿਸ਼ਟੀਕੋਣ ਤੋਂ ਦੇਖੀਏ ਤਦ ਸਭਿਆਚਾਰਕ ਧੱਕੇ (Culture Shocked) ਦੇ ਰੂਪ ਵਿਚ ਦਿਖਾਈ ਦਿੰਦਾ ਹੈ। ਪਰਵਾਸੀ ਦੀਆਂ ਦੱਬੀਆਂ ਕਾਮ-ਭਾਵਨਾਵਾਂ ਓਦੋਂ ਉਜਾਗਰ ਹੁੰਦੀਆਂ ਹਨ ਜਦ ਉਸ ਦੀ ਮਾਨਸਿਕਤਾ ਇੱਕ ਪਰੰਪਰਾਗਤ ਢਾਂਚੇ ਵਿਚੋਂ ਨਿਕਲ ਕੇ ਮਾਡਰਨ ਢਾਂਚੇ ਦੇ ਖੁੱਲ੍ਹੇ ਵਾਤਾਵਰਣ ਵਿਚ ਪਰਵਾਜ਼ ਭਰਦੀ ਹੈ। ਇਸ ਆਜ਼ਾਦਾਨਾ ਮਾਹੌਲ ਵਿਚ ਵਿਚਰਦਾ ਪਰਵਾਸੀ ਪੰਜਾਬੀ ਕਵੀ ਬੀਚ ਉੱਤੇ ਨਹਾਉਂਦੀਆਂ ਗੋਰੀਆਂ ਮੇਮਾਂ ਦੇ ਜਿਸਮ ਨੂੰ 'ਚਿੱਟੀ ਕਬੂਤਰੀ'[7] ਨਾਲ ਤੁਲਨਾਉਂਦਾ ਹੋਇਆ ਇੱਕ ਵਾਰ ਤਾਂ ਭਾਵਨਾਤਮਿਕ ਵਹਾਅ ਵਿਚ ਵਹਿ ਜਾਂਦਾ ਹੈ ਪ੍ਰੰਤੂ ਫਿਰ ਉਸ ਦੀ ਈਗੋ ਉਸ ਨੂੰ ਸਹੀ ਫੈਸਲਾ ਲੈਣ ਲਈ ਪ੍ਰੋਤਸਾਹਤ ਕਰਦੀ ਹੈ ਅਤੇ ਕਾਵਿ ਪਾਤਰ ਉਸ ਨੂੰ ਇੱਕ ਭਰਮਜਾਲ ਦੇ ਰੂਪ ਵਿਚ ਦਰਸਾ ਦਿੰਦਾ ਹੈ। ਪਰਵਾਸੀ ਦੀ ਇਸ ਮਨੋ-ਸਥਿਤੀ ਵਿਚ ਫਰਾਇਡ ਦਾ ਇਦ, ਈਗੋ ਅਤੇ ਸੁਪਰ-ਈਗੋ ਤਣਾਓਗ੍ਰਸਤ ਹੁੰਦੇ ਹਨ ਜੋ ਪਰਵਾਸੀ ਪੰਜਾਬੀ ਕਵਿਤਾ ਰਾਹੀਂ ਦਿਖਾਈ ਦਿੰਦੇ ਹਨ।

ਐਰਿਕਸਨ ਦੇ ਵਿਅਕਤਿੱਤਵ ਵਿਕਾਸ ਦੌਰਾਨ ਪੰਜਵਾਂ ਪੜਾਅ ਭਾਵ ਪਛਾਣ ਉਲਝਾਵ (Identity Confusion) ਦਾ ਮੁੱਖ ਟੀਚਾ ਸਮਾਜਿਕ ਅਤੇ ਪੇਸ਼ੇਵਰ ਪਛਾਣ ਸਥਾਪਿਤ ਕਰਨਾ ਹੁੰਦਾ ਹੈ ਪਰ ਪਰਵਾਸੀ ਪ੍ਰਸਥਿਤੀਆਂ ਮੁਤਾਬਿਕ ਪਰਵਾਸੀ ਦੀ ਮੂਲ ਸਮਾਜਿਕ ਤੇ ਪੇਸ਼ੇਵਰ ਪਛਾਣ ਅਤੇ ਪਰਵਾਸ ਦੌਰਾਨ ਸਮਾਜਿਕ ਤੇ ਪੇਸ਼ੇਵਰ ਪਛਾਣ ਵਿਚ ਬਹੁਤ ਜ਼ਿਆਦਾ ਅੰਤਰ ਪਾਇਆ ਜਾਂਦਾ ਹੈ। ਜੇਕਰ ਭਾਰਤੀ ਪ੍ਰਸੰਗ ਵਿਚ ਦੇਖਿਆ ਜਾਵੇ ਤਦ ਭਾਰਤੀ ਸਮਾਜ ਦਾ ਢਾਂਚਾ ਵਰਗ ਆਧਾਰਤ ਨਾ ਹੋ ਕਿ ਜਾਤੀ ਆਧਾਰਤ ਹੈ। ਜਦ ਭਾਰਤ ਦੀਆਂ ਕੁਲੀਨ ਅਤੇ ਉੱਚ-ਜਾਤੀਆਂ ਨੂੰ ਬਾਹਰਲੇ ਮੁਲਕਾਂ ਵਿਚ ਮਾਲਕ ਦੀ ਬਜਾਏ ਕਾਮਿਆਂ ਦੇ ਰੂਪ ਵਿਚ ਵਿਚਰਨਾ ਪੈਂਦਾ ਹੈ ਤਦ ਉਨ੍ਹਾਂ ਦੀ ਸਮਾਜਿਕ ਅਤੇ ਪੇਸ਼ੇਵਰ ਪਛਾਣ ਪ੍ਰਭਾਵਿਤ ਹੁੰਦੀ ਹੈ। ਜੇਕਰ ਉਹ ਇਸ ਦਵੰਦ ਵਿਚੋਂ ਸਫਲਤਾਪੂਰਵਕ ਨਿਕਲ ਜਾਂਦੇ ਹਨ ਤਦ ਉਹ ਇੱਕ ਸਕਾਰਾਤਮਿਕ ਦ੍ਰਿਸ਼ਟੀਕੋਣ ਵਾਲੇ ਬਲਸ਼ਾਲੀ ਵਿਅਕਤਿੱਤਵ ਵਜੋਂ ਉੱਭਰਦੇ ਹਨ। ਪ੍ਰੰਤੂ ਅਸਫਲਤਾ ਕੱਟੜਤਾ ਅਤੇ ਨਕਾਰਾਤਮਿਕਤਾ ਪੈਦਾ ਕਰਦੀ ਹੈ। ਸਫਲਤਾ ਬੇਗਾਨੇ ਸਮਾਜ ਪ੍ਰਤੀ ਨਿਸ਼ਠਾ ਦਾ ਗੁਣ ਉਭਾਰਦੀ ਹੈ ਜਦਕਿ ਅਸਫਲਤਾ ਪਰਵਾਸੀ ਨੂੰ ਅਰਿਕਸਨ ਦੇ ਛੇਵੇਂ ਪੜਾਅ 'ਅੰਤਰੰਗਤਾ ਬਨਾਮ ਇਕੱਲਤਾ' (Intimacy Vs Isolation) ਵੱਲ ਧੱਕਦੀ ਹੈ। ਇਹ ਇਕੱਲਤਾ ਬੇਗਾਨਗੀ ਪੈਦਾ ਕਰਦੀ ਹੈ ਜਿਸ ਨਾਲ ਪਰਵਾਸੀ ਦੀ ਪਛਾਣ, ਪਛਾਣ ਸੰਕਟ ਵਿਚ ਰੂਪਾਂਤਰਤ ਹੁੰਦੀ ਹੈ ਜਿਸ ਦੀ ਨਿਸ਼ਾਨਦੇਹੀ ਇੱਕੀਵੀਂ ਸਦੀ ਦੀ ਪਰਵਾਸੀ ਪੰਜਾਬੀ ਕਵਿਤਾ ਕਰਦੀ ਹੈ ਜਿਸ ਵਿਚ 'ਜੜ੍ਹ'[8], 'ਪਲਾਸਟਿਕ'[9], 'ਭੁੱਖਾ ਢਿੱਡ'/'ਪਾਸਪੋਰਟ'[10], 'ਖਾਨਾਬਦੋਸ਼'[11] 'ਨੇਜ਼ਾ'/'ਕਾਲਾ'[12]/ 'ਸਪੋਲੀਆ'[13] ਆਦਿ ਬਿੰਬ ਪਰਵਾਸੀ ਪੰਜਾਬੀ ਦੀ ਸਮਾਜਿਕ ਅਤੇ ਪੇਸ਼ੇਗਤ ਪਛਾਣ ਦੀ ਉਲਝਣ ਨੂੰ ਬਿਆਨ ਕਰਦੇ ਹਨ।

ਜੇਮਸ ਮਰਸੀਆ ਦਾ 'ਵਿਸ਼ਿਸ਼ਟ ਪਛਾਣ ਨਿਰਮਾਣ ਮਾਡਲ' ਵੀ ਪਰਵਾਸੀ ਪੰਜਾਬੀ ਕਵਿਤਾ ਉੱਤੇ ਢੁੱਕਵਾਂ ਜਾਪਦਾ ਹੈ ਜਿਸ ਵਿਚ ਪਰਵਾਸੀ ਬੇਗਾਨੀ ਧਰਤੀ ਉੱਤੇ ਆਪਣੇ ਆਪ ਦੀ ਹੋਂਦ ਸਥਾਪਤ ਕਰਨ ਲਈ ਪੁਰਾਣੇ ਵਿਸ਼ਵਾਸ, ਮੁੱਲ, ਵਿਚਾਰਾਂ ਨੂੰ ਛੱਡ ਕੇ ਨਵੇਂ ਵਿਸ਼ਵਾਸ, ਵਿਚਾਰ, ਮੁੱਲ, ਧਰਮ, ਕਿੱਤਿਆਂ ਨੂੰ ਅਪਣਾਉਣ ਲਈ ਤਣਾਓਪੂਰਕ ਸਥਿਤੀ ਵਿਚ ਰਹਿੰਦਾ ਹੈ ਜੋ ਪਰਵਾਸੀ ਪੰਜਾਬੀ ਕਾਵਿ ਰਾਹੀਂ ਸਾਹਮਣੇ ਆਉਂਦੇ ਹਨ ਜਿਵੇਂ 'ਸੈਂਡ'/'ਕੈਂਡੀ'/'ਰਾਈਡ'[14] 'ਫਰੇਜ਼ਰ'[15],

'ਚਮਕਦੀ ਚਾਨਣੀ'[16], 'ਪਹਿਰਾਵਾ'/'ਰਹੱਸ'/'ਅਜਨਬੀ'/'ਯੂਰਪੀ ਚਿਹਰਾ'/'ਘੁੰਗਰਾਲੇ ਵਾਲ'/'ਬੁਰਜ-ਮੀਨਾਰ'[17] 'ਚੀਨਾ-ਫੀਨਾ'[18] ਆਦਿ ਬਿੰਬ ਪੱਛਮੀ ਸਭਿਆਚਾਰ ਦੇ ਨਵੇਂ ਵਿਸ਼ਵਾਸ, ਮੁੱਲ, ਵਿਚਾਰ ਅਤੇ ਕਿੱਤਿਆਂ ਨੂੰ ਚਿਹਨਤ ਕਰਦੇ ਹਨ।

ਮੀਡ ਦੇ ਸੰਕੇਤਕ ਅੰਤਰਕਿਰਿਆਵਾਦ ਸਿਧਾਂਤ (Symbolic Interactionism Thoery) ਅਨੁਸਾਰ ਵਿਅਕਤੀ ਦੇ ਨਿਰਮਾਣ ਵਿਚ ਉਸ ਦੇ ਸਮਾਜ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਜੇਕਰ ਪਰਵਾਸੀ ਪੰਜਾਬੀ ਕਵਿਤਾ ਦੇ ਦ੍ਰਿਸ਼ਟੀਕੋਣ ਤੋਂ ਦੇਖੀਏ ਤਦ ਕਵਿਤਾ ਅਜਿਹੇ ਕਈ ਪ੍ਰਸੰਗਾਂ ਦਾ ਵਰਣਨ ਕਰਦੀ ਹੈ ਜਿਸ ਸਮੇਂ ਬੇਗਾਨਾ ਸਮਾਜ ਉਸ ਦੀ ਹੋਂਦ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦਾ ਹੈ। ਉਸ ਨੂੰ ਗ਼ਰੀਬ ਮੁਲਕ ਦਾ ਆਖਕੇ ਨਸਲਵਾਦੀ ਵਿਵਹਾਰ ਕਰਦਾ ਹੈ। ਇਸ ਦੇ ਸੰਕੇਤ ਪਰਵਾਸੀ ਪੰਜਾਬੀ ਕਾਵਿ ਬਿੰਬਾਵਲੀ ਵਿਚੋਂ ਦੇਖੇ ਜਾ ਸਕਦੇ ਹਨ ਜਿਵੇਂ 'ਫੌਜੀ'[19]/'ਪਾਕੀ ਬਾਸਟਰਡ'[20]। ਇਹ ਨਕਾਰਾਤਮਿਕ ਪਛਾਣ ਵਾਲੇ ਬਿੰਬ ਪਰਵਾਸੀ ਪੰਜਾਬੀ ਕਵਿਤਾ ਵਿਚ ਦੇਖਣ ਨੂੰ ਮਿਲਦੇ ਹਨ। ਇਨ੍ਹਾਂ ਨਕਾਰਾਤਮਿਕ ਬਿੰਬਾਂ ਦੇ ਨਾਲ-ਨਾਲ ਮੂਲ ਸਮਾਜ ਦੇ ਅਥਾਹ ਬਿੰਬ ਵੀ ਪਰਵਾਸੀ ਪੰਜਾਬੀ ਕਵਿਤਾ ਵਿਚੋਂ ਦਿਖਾਈ ਦਿੰਦੇ ਹਨ ਜਿਵੇਂ 'ਪਿੰਡ'[21] 'ਕਨੇੜੀ'[22], 'ਤੂਤੀਆਂ'/'ਗੰਨੇ ਦੀ ਗਨੇਰੀਆਂ'/'ਮਲ੍ਹਿਆ ਦੇ ਬੇਰ'/'ਚਿੱਭੜ'/'ਭੰਬੋਲਿਆਂ'/'ਹੋਲਾਂ'[23] ਆਦਿ।

ਗੌਫਮੈਨ ਨੇ ਆਪਣੇ ਨਾਟਕਲਾਤਮਕ ਵਿਸ਼ਲੇਸ਼ਣ ਵਿਚ ਵਿਅਕਤੀ ਨੂੰ ਇੱਕ ਅਦਾਕਾਰ ਦੇ ਰੂਪ ਵਿਚ ਦਰਸਾਇਆ ਜੋ ਸਮਾਜ ਰੂਪੀ ਸਟੇਜ 'ਤੇ ਵੱਖਰੀਆਂ-ਵੱਖਰੀਆਂ ਭੂਮਿਕਾਵਾਂ ਨਿਭਾਅ ਰਿਹਾ ਹੈ। ਇਸ ਭੂਮਿਕਾ ਵਿਚ ਨਾ ਕੇਵਲ ਸਵੈ ਆਪਣਾ ਚੰਗਾ ਪ੍ਰਦਰਸ਼ਨ ਕਰਨ ਲਈ ਉਤਸੁਕ ਹੈ ਸਗੋਂ ਸਮਾਜ ਰੂਪੀ ਦਰਸ਼ਕ ਵੀ ਇਹ ਉਮੀਦ ਕਰਦੇ ਹਨ ਕਿ ਉਹ ਚੰਗਾ ਪ੍ਰਦਰਸ਼ਨ ਕਰੇ ਅਤੇ ਜੇਕਰ ਨਹੀਂ ਕਰਦਾ ਤਦ ਉਸ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪਵੇਗਾ। ਇਸ ਸਟੇਜ 'ਤੇ ਸਭ ਨੂੰ ਆਪਣੀਆਂ-ਆਪਣੀਆਂ ਭੂਮਿਕਾਵਾਂ ਪਤਾ ਹਨ ਅਤੇ ਉਹ ਦੂਜਿਆਂ ਦੀ ਪ੍ਰਤੀਕਿਰਿਆ ਤੋਂ ਵੀ ਵਾਕਫ਼ ਹਨ। ਜੇਕਰ ਇਸ ਸਿਧਾਂਤ ਨੂੰ ਪਰਵਾਸੀ ਪੰਜਾਬੀ ਕਵਿਤਾ ਉੱਤੇ ਲਾਗੂ ਕਰਕੇ ਦੇਖੀਏ ਤਦ ਇਹ ਪ੍ਰਤੀਤ ਹੁੰਦਾ ਹੈ ਕਿ ਪਰਵਾਸੀ ਆਪਣੇ ਪਰਵਾਸ ਦੌਰਾਨ ਬੇਗਾਨੇ ਸਮਾਜ ਵਿਚ ਵਿਚਰਦਾ ਹੋਇਆ ਕਈ ਵਾਰ ਅਜਿਹੀ ਮਾਨਸਿਕ ਸਥਿਤੀ 'ਚੋਂ ਗੁਜ਼ਰਦਾ ਹੈ ਜਿਸ ਸਮੇਂ ਉਸ ਨੂੰ ਹਰ ਚੀਜ਼ ਇੱਕ ਨਾਟਕ ਦੀ ਤਰ੍ਹਾਂ ਲੱਗਦੀ ਹੈ। ਉਹ ਆਪਣੀ ਭੂਮਿਕਾ ਨੂੰ ਨਿਭਾਉਂਦਾ ਹੋਇਆ ਆਪਣੇ ਆਪੇ ਨੂੰ ਇੱਕ ਮਸ਼ੀਨ ਦੀ ਤਰ੍ਹਾਂ ਮਹਿਸੂਸ ਕਰਦਾ ਹੈ। ਇਸ ਭੂਮਿਕਾ ਵਿਚ ਉਸ ਦੇ ਮੂਲ ਸਮਾਜ ਅਤੇ ਵਰਤਮਾਨ ਸਮਾਜ ਦੇ ਦਰਸ਼ਕ ਉਸ ਤੋਂ ਚੰਗੀ ਭੂਮਿਕਾ ਦੀ ਉਮੀਦ ਰੱਖ ਰਹੇ ਹਨ ਪਰ ਪਰਵਾਸੀ ਵਰਤਮਾਨ ਸਮਾਜ ਵਿਚ ਚੰਗੀ ਭੂਮਿਕਾ ਨਿਭਾਉਂਦਾ ਹੋਇਆ ਵੀ ਆਲੋਚਨਾ ਦਾ ਪਾਤਰ ਬਣ ਰਿਹਾ ਹੈ। ਇਸ ਦੋਹਰੀ ਭੂਮਿਕਾ ਵਿਚ ਪਰਵਾਸੀ ਨਾ ਆਪਣੇ ਸਵੈ ਨੂੰ ਸੰਤੁਸ਼ਟ ਕਰ ਪਾਉਂਦਾ ਹੈ ਅਤੇ ਨਾ ਹੀ ਬਾਹਰਲੇ ਸਮਾਜ ਨੂੰ। ਇਸ ਸਥਿਤੀ ਵਿਚੋਂ ਪੈਦਾ ਹੋਇਆ ਤਣਾਓ 'ਨਸਲਵਾਦੀ ਨੇਜੇ'/'ਮੋਏ ਖਰਗੋਸ਼'[24], 'ਗੁਲਾਮ'/'ਖਚਰੀ ਮੁਸਕਾਨ'/'ਕਮੀਨਗੀ ਭਰੀਆਂ ਨਜ਼ਰਾਂ'[25] ਆਦਿ ਕਾਵਿ ਸ਼ਬਦਾਂ ਰਾਹੀਂ ਪਰਵਾਸੀ ਦੀ ਵਿਦੇਸ਼ੀ ਦਰਸ਼ਕਾਂ ਸਾਹਮਣੇ ਸਥਿਤੀ ਨੂੰ ਉਜਾਗਰ ਕਰਦਾ ਹੈ।

ਮੈਕਕਾਲ ਅਤੇ ਸੀਮਨ ਸਵੈ ਅਤੇ ਸਮਾਜ ਦੇ ਸੰਬੰਧ ਨੂੰ ਦਰਸਾਉਂਦਿਆਂ ਸਵੈ ਅੰਦਰ ਸਥਾਪਤ ਦਰਜੇਬੰਦੀਆਂ ਦੀ ਵਿਆਖਿਆ ਕਰਦੇ ਹਨ। ਜਿੱਥੇ ਮੈਕਕਾਲ ਅਤੇ ਸੀਮਨ ਪ੍ਰਮੁੱਖ ਦਰਜੇਬੰਦੀ (ਪਰੰਪਰਾਗਤ/ਸਥਿਰ ਪਛਾਣ) ਅਤੇ ਸਥਿਤੀਜਨਕ ਦਰਜੇਬੰਦੀ (ਤਰਲ ਪਛਾਣ) ਦੀ ਗੱਲ ਕਰਦੇ ਹਨ, ਉੱਥੇ ਸਟ੍ਰਾਈਕਰ ਕੇਵਲ ਸਥਿਤੀਜਨਕ ਦਰਜੇਬੰਦੀ ਦੀ ਗੱਲ ਕਰਦੇ ਹੋਏ ਪਰੰਪਰਾਗਤ ਪਛਾਣਾਂ ਦੀ ਗੱਲ ਕਰਦਾ ਹੈ। ਜੇਕਰ ਇਸ ਦ੍ਰਿਸ਼ਟੀਕੋਣ ਨੂੰ ਪਰਵਾਸੀ ਪੰਜਾਬੀ ਕਵਿਤਾ ਦੇ ਪ੍ਰਸੰਗ ਵਿਚ ਵਿਚਾਰਿਆ ਜਾਵੇ ਤਦ ਅਜਿਹਾ ਮਹਿਸੂਸ ਹੋਵੇਗਾ ਕਿ ਜਿਵੇਂ ਕਾਵਿ ਪਾਤਰ ਆਪਣੀਆਂ ਤਰਜੀਹਾਂ ਅਨੁਸਾਰ ਜੀਵਨ ਜਿਉਣ ਵਿਚ ਅਸਫਲ ਰਹਿ ਰਹੇ ਹੋਣ। ਉਨ੍ਹਾਂ ਦੀ ਪਰੰਪਰਾਗਤ ਪਛਾਣ ਭਾਰਤੀ, ਪੰਜਾਬੀ, ਸਿੱਧ-ਪੱਧਰੇ ਪੇਂਡੂ ਹੈ ਜਦਕਿ ਜੋ ਪਛਾਣ ਵਿਦੇਸ਼ੀ ਧਰਤੀ ਉੱਤੇ ਪ੍ਰਾਪਤ ਹੁੰਦੀ ਹੈ, ਉਸ ਵਿਚ ਪਰਵਾਸੀਆਂ ਨੂੰ ਕਾਮੇ, ਕਾਲੇ ਅਤੇ ਏਸ਼ੀਅਨ ਸਮਝਿਆ ਜਾਂਦਾ ਹੈ। ਉਹ ਆਪਣੀਆਂ ਤਰਜੀਹਾਂ ਅਨੁਸਾਰ ਜੀਵਨ ਨਹੀਂ ਜੀਅ ਰਹੇ ਸਗੋਂ ਬਾਹਰਲੀਆਂ ਪ੍ਰਸਥਿਤੀਆਂ ਤੋਂ ਮਜ਼ਬੂਰ ਹੋ ਕੇ ਸਵੈ ਦੀ ਦਰਜੇਬੰਦੀ ਦਾ ਨਿਰਮਾਣ ਕਰ ਰਹੇ ਹਨ। ਇਸ ਪ੍ਰਕਾਰ ਪਰਵਾਸੀ ਮਨੋਸਥਿਤੀਆਂ ਵਿਚ ਸਟ੍ਰਾਈਕਰ ਦੀ ਸਥਿਤੀਜਨਕ ਦਰਜੇਬੰਦੀ ਮਹੱਤਵਪੂਰਨ ਪ੍ਰਤੀਤ ਹੋ ਰਹੀ ਹੈ ਹਾਲਾਂਕਿ ਇਸ ਦਰਜੇਬੰਦੀ ਵਿਚ ਪਰਵਾਸੀ ਇੱਕ ਤਣਾਓ ਦੀ ਸਥਿਤੀ ਵਿਚ ਦਿਖਾਈ ਦਿੰਦਾ ਹੈ ਜਿਸ ਵਿਚ ਉਹ ਬਾਹਰੀ ਸਮਾਜ ਨਾਲ ਤਾਲਮੇਲ ਤਾਂ ਬਿਠਾ ਰਿਹਾ ਹੈ ਪ੍ਰੰਤੂ ਉਸ ਦੀਆਂ ਅੰਦਰੂਨੀ ਮਨੋਸਥਿਤੀਆਂ ਹਲ-ਚਲ ਅਤੇ ਉੱਥਲ-ਪੁੱਥਲ ਦਾ ਸ਼ਿਕਾਰ ਹਨ।

ਹੈਨਰੀ ਤਾਜਫੈਲ ਤਣਾਓ ਨੂੰ ਅੰਦਰੂਨੀ ਅਤੇ ਬਾਹਰੀ ਸਮੂਹਾਂ ਦੇ ਆਪਸੀ ਸੰਕਟਾਂ ਦੇ ਰੂਪ ਵਿਚ ਪਰਿਭਾਸ਼ਤ ਕਰਦਾ ਹੈ। ਸਮਾਜਿਕ ਵਰਗੀਕਰਨ, ਸਮਾਜਿਕ ਪਛਾਣ ਅਤੇ ਸਮਾਜਿਕ ਤੁਲਨਾ ਅਜਿਹੇ ਤੰਤਰ ਹਨ ਜੋ ਕਿ ਬਾਹਰੀ ਸਮੂਹਾਂ ਪ੍ਰਤੀ ਰੂੜ੍ਹੀਵਾਦੀ ਅਤੇ ਪੂਰਵ-ਧਾਰਨਾਵਾਂ ਉੱਤੇ ਆਧਾਰਤ ਹੁੰਦੇ ਹਨ। ਮੂਲ ਸਮਾਜ ਤੋਂ ਟੁੱਟਿਆ ਬੰਦਾ ਜਦ ਵਿਦੇਸ਼ੀ ਧਰਤੀ ਦੇ ਬੇਗਾਨੇ ਅਤੇ ਬਾਹਰੀ ਸਮੂਹਾਂ ਦੇ ਸਨਮੁਖ ਹੁੰਦਾ ਹੈ ਤਦ ਉਸ ਨੂੰ ਆਪਣੇ ਪ੍ਰਤੀ ਉਨ੍ਹਾਂ ਸਮੂਹਾਂ ਦੇ ਰੂੜ੍ਹੀਵਾਦੀ ਦ੍ਰਿਸ਼ਟੀਕੋਣ ਅਤੇ ਪੂਰਵ ਧਾਰਨਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਦਾ ਉਨ੍ਹਾਂ ਸਮੂਹਾਂ ਤੋਂ ਬਾਹਰੀ ਹੋਣਾ ਇੱਕ ਸਰਾਪ ਦੀ ਤਰ੍ਹਾਂ ਜਾਪਦਾ ਹੈ। ਪਰਵਾਸੀ ਦੀ ਇਹ ਹੀਣ ਭਾਵਨਾ ਉਸ ਦੀ ਪਛਾਣ ਨੂੰ ਸੰਕਟਗ੍ਰਸਤ ਕਰ ਦਿੰਦੀ ਹੈ। ਜਿਸ ਵਿਚੋਂ ਉਪਜੀ ਪਰਵਾਸੀ ਪੰਜਾਬੀ ਕਵਿਤਾ 'ਬੇਵਤਨ'[26], 'ਅਫਰੀਕਾ'/'ਬੰਟੂ'/ 'ਐਬਰਿਜਨੀ'/'ਪਾਕੀ'[27] ਆਦਿ ਕਾਵਿ ਬਿੰਬਾਵਲੀ ਸਿਰਜਦੀ ਹੈ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਪਛਾਣ ਦਾ ਵਿਸ਼ਾ ਨਿਰੰਤਰ ਮਹੱਤਤਾ ਗ੍ਰਹਿਣ ਕਰਦਾ ਜਾ ਰਿਹਾ ਹੈ। ਜਿੱਥੇ ਪਛਾਣ ਦਾ ਵਿਸ਼ਾ ਸਵੈ ਦੇ ਦਰਸ਼ਨ ਤੋਂ ਵਿਕਸਿਤ ਹੁੰਦਾ ਹੋਇਆ ਮਨੋਵਿਗਿਆਨ ਅਤੇ ਸਮਾਜ-ਸ਼ਾਸ਼ਤਰ ਖੇਤਰਾਂ ਨੂੰ ਪ੍ਰਭਾਵਿਤ ਕਰਦਾ ਹੈ ਉੱਥੇ ਆਧੁਨਿਕ ਲੋਕਤੰਤਰਿਕ ਢਾਂਚਿਆਂ ਵਿਚ ਇਸ ਦਾ ਅਧਿਐਨ ਇੱਕ ਜ਼ਰੂਰੀ ਵਿਸ਼ੇ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆ ਰਿਹਾ ਹੈ। ਆਧੁਨਿਕ ਸਮਾਜ ਵਿਚ ਪਛਾਣ ਨੂੰ ਨਾ ਕੇਵਲ ਸਵੈ ਦੇ ਦ੍ਰਿਸ਼ਟੀਕੋਣ ਸਗੋਂ ਸਮੂਹਿਕ ਦ੍ਰਿਸ਼ਟੀਕੋਣ ਤੋਂ ਵੀ ਸਮਝਣਾ ਬਹੁਤ ਜ਼ਰੂਰੀ ਹੋ ਗਿਆ ਹੈ। ਪਰੰਪਰਾਗਤ ਸਮਾਜਾਂ ਵਿਚ ਪਛਾਣ ਨਿਰਮਾਣ ਕੋਈ ਚੁਣੌਤੀ ਨਹੀਂ ਸੀ। ਇੱਕ ਵਿਅਕਤੀ ਉਸੇ ਪਛਾਣ ਨਾਲ ਜਿਉਂਦਾ ਸੀ ਜਿਸ ਨੂੰ ਉਸ ਦੇ ਮਾਤਾ-ਪਿਤਾ, ਦਾਦਾ, ਪੜਦਾਦਾ ਅਤੇ ਉਸ ਸੀਮਿਤ ਸਮਾਜ ਨੇ ਉਸ ਨੂੰ ਪ੍ਰਦਾਨ ਕੀਤੀ ਹੁੰਦੀ ਸੀ। ਪ੍ਰੰਤੂ ਆਧੁਨਿਕ ਸਮਾਜ, ਭੂਮੰਡਲੀਕਰਨ ਦਾ ਦੌਰ, ਤੇਜ਼ ਰਫਤਾਰ ਜੀਵਨ ਨੇ ਨਾ ਕੇਵਲ ਆਧੁਨਿਕ ਵਿਅਕਤੀ ਸਾਹਮਣੇ ਵਿਕਲਪਾਂ ਦਾ ਭੰਡਾਰ ਲਗਾ ਦਿੱਤਾ ਹੈ ਸਗੋਂ ਇਨ੍ਹਾਂ ਵਿਕਲਪਾਂ ਵਿਚੋਂ ਸਹੀ ਚੋਣ ਦੀ ਗੁੰਝਲ ਵੀ ਪੈਦਾ ਕਰ ਦਿੱਤੀ ਹੈ। ਇਸ ਸੰਬੰਧ ਵਿਚ ਪ੍ਰਸਿੱਧ ਅਮਰੀਕੀ ਰਾਜਨੀਤਕ

ਵਿਗਿਆਨੀ ਹਰਬਰਟ ਏ ਸਾਈਮਨ (Herbert A. Simon) ਦਾ ਕਥਨ ਹੈ ਕਿ 'ਜਾਣਕਾਰੀ ਦਾ ਭੰਡਾਰ ਧਿਆਨ ਦੀ ਗਰੀਬੀ ਪੈਦਾ ਕਰਦਾ ਹੈ' (Wealth of information creates a poverty of attention)। ਇਹ ਵਿਚਾਰ ਇੱਕੀਵੀਂ ਸਦੀ ਦੇ ਸਮਾਜ ਉੱਤੇ ਪੂਰੀ ਤਰ੍ਹਾਂ ਲਾਗੂ ਹੁੰਦਾ ਹੈ। ਮੀਡੀਆ ਕ੍ਰਾਂਤੀ, ਅਥਾਹ ਸੂਚਨਾ ਭੰਡਾਰ ਅਤੇ ਖਪਤ ਸਭਿਆਚਾਰ ਨੇ ਮਨੁੱਖ ਦੇ ਧਿਆਨ ਨੂੰ ਭੰਗ ਕਰ ਦਿੱਤਾ ਹੈ। ਇਸ ਦਾ ਸਭ ਤੋਂ ਵੱਧ ਪ੍ਰਭਾਵ ਕਿਸ਼ੋਰ ਅਵਸਥਾ ਅਤੇ ਨੌਜਵਾਨ ਪੀੜ੍ਹੀ ਉੱਤੇ ਪੈ ਰਿਹਾ ਹੈ। ਇਕਾਗਰਤਾ ਨਾ ਹੋਣ ਕਾਰਨ ਇਸ ਅਵਸਥਾ ਵਿਚ ਵਿਅਕਤੀ ਆਪਣੇ ਲਈ ਸਹੀ ਫੈਸਲੇ ਨਹੀਂ ਲੈ ਪਾਉਂਦਾ। ਇਸ ਲਈ ਕਿਹਾ ਜਾ ਸਕਦਾ ਹੈ ਕਿ ਪਛਾਣ ਅਤੇ ਸਵੈ ਦੀ ਜਾਣਕਾਰੀ ਨਾ ਕੇਵਲ ਸਹੀ ਫੈਸਲਿਆਂ, ਸਹੀ ਚੋਣ ਦਾ ਰਾਹ ਦੱਸਦੀ ਹੈ ਸਗੋਂ ਸਮੂਹਿਕ ਦਾਇਰਿਆਂ ਵਿਚ ਜੀਵਨ ਜਿਉਣ ਦਾ ਢੰਗ-ਤਰੀਕਾ ਅਤੇ ਦ੍ਰਿਸ਼ਟੀ ਵੀ ਮੁਹੱਈਆ ਕਰਵਾਉਂਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. *Schwartz, Seth J. & other, Handbook of Identity Theory and Research, Springer Publication, London, 2001, p: 7*
2. *Burke, Peter J. & other, Identity Theory, Oxford University Press, New York, 2009, p: 10*
3. *-Ibid-, p: 37*
4. *Karakatsanis, Neovi M. & other (ed.), Political and Military Sociology, Routledge Taylor and Francis Group, New York, 2012, p: 28*
5. *Sheldon Stryker & other, The Past, Present, and Future of an Identity Theory (Journal Article), Social Psychology Quarterly, Vol. 63, American Sociological Association, USA, 2000, p: 284*
6. *Burke, Peter J. & other, Identity Theory, Oxford University Press, New York, 2009, p: 39*
7. *ਰੁੰਦਲ, ਸੁਖਵੰਤ, ਕੈਨੇਡਾ ਦੀ ਪੰਜਾਬੀ ਕਵਿਤਾ, ਕੈਨੇਡਾ ਦੀ ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਵੈਨਕੂਵਰ, ਕੈਨੇਡਾ, ਪੰਨਾ: 38*
8. *ਕੰਬੋਜ, ਸੁਖਵਿੰਦਰ, ਉਮਰ ਦੇ ਇਸ ਮੋੜ ਤੀਕ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005, ਪੰਨਾ: 59*
9. *-ਉਹੀ-*
10. *ਸੰਤੋਖ ਧਾਲੀਵਾਲ, ਗੜਵਾ ਕੁ ਦਰਿਆ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011, ਪੰਨਾ: 62*
11. *ਅਮਰ ਜਿਉਤੀ, ਦਰੋਪਤੀ ਤੋਂ ਦੁਰਗਾ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1990, ਪੰਨਾ: 30*
12. *ਢਾਅ, ਜਗਤਾਰ, ਗੁਆਚੇ ਘਰ ਦੀ ਤਲਾਸ਼, ਤੀਜਾ ਐਡੀਸ਼ਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2016, ਪੰਨਾ: 31*
13. *-ਉਹੀ-, ਪੰਨਾ: 49*
14. *ਨੀਲਮ ਸੈਣੀ, ਕਾਨੀ ਦੇ ਘੁੰਗਰੂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2008, ਪੰਨਾ: 63*
15. *ਦਰਸ਼ਨ ਗਿੱਲ, ਨਜ਼ਮ ਦੀ ਤਲਾਸ਼ ਵਿਚ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005, ਪੰਨਾ: 197*
16. *ਸੁਦਰਸ਼ਨ 'ਪ੍ਰਿਯਦਰਸ਼ਨੀ', ਮੈਂ ਕੌਣ ਹਾਂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011, ਪੰਨਾ: 15*
17. *ਦੇਵ, ਹੁਣ ਤੋਂ ਪਹਿਲਾਂ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2000, ਪੰਨਾ: 97*
18. *ਅਮਰਜੀਤ ਚੰਦਨ, ਬੀਜਕ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1996, ਪੰਨਾ: 82*
19. *ਸੱਗੂ, ਭੁਪਿੰਦਰ ਸਿੰਘ, ਦਰਦ ਜਾਗਦਾ ਹੈ, ਪ੍ਰੀਤ ਪਬਲੀਕੇਸ਼ਨ, ਨਾਭਾ, 2020, ਪੰਨਾ: 50*
20. *-ਉਹੀ-, ਪੰਨਾ: 75*
21. *ਸੁਖਵਿੰਦਰ ਕੰਬੋਜ ਅਤੇ ਹੋਰ, ਅਮਰੀਕੀ ਪੰਜਾਬੀ ਕਵਿਤਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009, ਪੰਨਾ: 95*
22. *ਨੀਲਮ ਸੈਣੀ, ਕਾਨੀ ਦੇ ਘੁੰਗਰੂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2008, ਪੰਨਾ: 63*
23. *ਸੁਰਿੰਦਰ ਸੋਹਲ, ਚਿਹਰੇ ਦੀ ਤਲਾਸ਼, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006, ਪੰਨਾ: 32*
24. *ਜਗਤਾਰ ਢਾਅ, ਗੁਆਚੇ ਘਰ ਦੀ ਤਲਾਸ਼, ਤੀਜਾ ਐਡੀਸ਼ਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2016, ਪੰਨਾ: 31*
25. *ਅਮਰ ਜਿਉਤੀ, ਦਰੋਪਤੀ ਤੋਂ ਦੁਰਗਾ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1990, ਪੰਨਾ: 30*
26. *-ਉਹੀ-*
27. *ਸੰਤੋਖ, ਧਾਲੀਵਾਲ, ਗੜਵਾ ਕੁ ਦਰਿਆ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011, ਪੰਨਾ: 7*

## *Cite this Article-*

*ਡਾ. ਗੁਰਪ੍ਰੀਤ ਸਿੰਘ ਬੋੜਾਵਾਲ (Dr. Gupreet Singh Borawal), ਪਛਾਣ ਅਤੇ ਪਛਾਣ ਦਾ ਸੰਕਟ : ਸਿਧਾਂਤਕ ਪਰਿਪੇਖ (ਪੱਛਮੀ ਪਰਿਪੇਖ) Pachhan Ate Pachhan Da Sankat: Sidhantak Pripekh (Pacchmi Paripekh), ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 76-84.*

*Journal URL: www.armaan.org.in*

*DOI: https://doi.org/10.64119/armaan.vol.4.issue1.14*

*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/